**ਸੰਗਰੂਰ ਤੋਂ ਜ਼ਿਲਾ ਇੰਚਾਰਜ ਅਤੇ ਪੱਤਰਕਾਰਾਂ ਦੀ ਲੋੜ**

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਸੰਗਰੂਰ ਤੋਂ ਜਿਲਾ ਇੰਚਾਰਜ ਅਤੇ ਪੱਤਰਕਾਰਾਂ ਦੀ ਲੋੜ ਹੈ।
ਚਾਹਵਾਨ ਵਿਅਕਤੀ ਸੰਪਰਕ ਕਰਨ :
**ਮੋ:99155-94111**



ਰੋਜ਼ਾਨਾ

# ਲੋਕ ਬਾਣੀ

ਸੱਚ ਤੇ ਨਿੱਡਰ ਆਵਾਜ਼

Email : lokbani08@gmail.com ਬੁੱਧਵਾਰ, 6 ਅਕਤੂਬਰ 2021 ਜਲੰਧਰ

R.N.I. Punpun/29016/2008 | ਸਾਲ : 14 | ਅੰਕ : 246 | ਮੁੱਲ : 2.00 ਰੁਪਏ | ਕੁੱਲ ਪੇਜ : 10 | ਫੈਕਸ : 0181-2211009 | M : 99155-94111



ਰੋਜ਼ਾਨਾ ਪੰਜਾਬੀ ਅਖ਼ਬਾਰ
**ਲੋਕ ਬਾਣੀ**
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ :
**0181-2211009**


## ਗ੍ਰਹਿ ਮੰਤਰੀ ਨੂੰ ਮਿਲੇ ਚੰਨੀ, ਲਖੀਮਪੁਰ ਅਤੇ ਖੇਤੀ ਕਾਨੂੰਨਾਂ ਦਾ ਚੁੱਕਿਆ ਮੁੱਦਾ

**ਨਵੀ ਦਿੱਲੀ/ਲੋਕ ਬਾਣੀ**

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਗ੍ਰਹਿ ਮੰਤਰੀ ਅਮਿਤ ਸਾਹ ਨਾਲ ਉਨ੍ਹਾਂ ਦੀ ਦਿੱਲੀ ਸਥਿਤ ਰਿਹਾਇਸ 'ਤੇ ਮੁਲਾਕਾਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ, "ਮੈਂ ਗ੍ਰਹਿ ਮੰਤਰੀ ਨਾਲ ਲਖੀਮਪੁਰ ਮਾਮਲੇ 'ਤੇ ਗੱਲ ਕੀਤੀ ਹੈ। ਯੂਪੀ ਵਿੱਚ ਜੋ ਵਾਪਰਿਆ, ਅਸੀਂ ਉਸ ਨੂੰ ਬਰਦਾਸਤ ਨਹੀਂ ਕਰਾਂਗੇ।" ਮੁੱਖ ਮੰਤਰੀ ਨੇ ਕਿਹਾ ਕਿ, "ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਖੇਤੀਬਾੜੀ ਕਾਨੂੰਨ ਨੂੰ ਵਾਪਸ ਲਿਆ ਜਾਵੇ।" ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਉਨ੍ਹਾਂ ਨਾਲ ਕਰਤਾਰਪੁਰ ਲਾਂਘਾ ਖੋਲ੍ਹਣ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਸੀ, ਉਨ੍ਹਾਂ ਦੀ ਤਰਫੋਂ ਕਿਹਾ ਗਿਆ ਹੈ ਕਿ ਉਹ ਛੇਤੀ ਹੀ ਲਾਂਘੇ ਬਾਰੇ ਕੋਈ ਫੈਸਲਾ ਲੈਣਗੇ।



ਇਸ ਤੋਂ ਪਹਿਲਾਂ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਨੇ ਕਿਹਾ ਸੀ ਕਿ ਉਹ ਅਮਿਤ ਸਾਹ ਨਾਲ ਮੁਲਾਕਾਤ ਦੌਰਾਨ ਲਖੀਮਪੁਰ ਖੀਰੀ ਦਾ ਮੁੱਦਾ ਉਠਾਉਣਗੇ। ਦੱਸ ਦੇਈਏ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਰਾਜ ਸਰਕਾਰ ਦੇ ਕੁਝ ਮੰਤਰੀਆਂ ਅਤੇ ਕਾਂਗਰਸੀ ਵਿਧਾਇਕਾਂ ਦੇ ਨਾਲ ਚੰਡੀਗੜ੍ਹ ਦੇ ਗਾਂਧੀ ਮੈਮੋਰੀਅਲ ਬਿਲਡਿੰਗ ਕੰਪਲੈਕਸ ਵਿੱਚ ਲਖੀਮਪੁਰ ਖੀਰੀ ਵਿੱਚ ਹੋਈ ਹਿੰਸਾ ਦੇ ਖਿਲਾਫ ਪ੍ਰਦਰਸਨ ਕੀਤਾ। ਇਸ ਤੋਂ ਬਾਅਦ ਉਹ ਦਿੱਲੀ ਲਈ ਰਵਾਨਾ ਹੋ ਗਏ।

ਐਤਵਾਰ ਨੂੰ, ਲਖੀਮਪੁਰ ਖੀਰੀ ਵਿੱਚ ਉੱਤਰ ਪ੍ਰਦੇਸ ਦੇ ਉਪ ਮੁੱਖ ਮੰਤਰੀ ਕੇਸਵ ਪ੍ਰਸਾਦ ਮੌਰੀਆ ਦੇ ਸਵਾਗਤ ਲਈ ਇੱਕ ਸਮਾਗਮ ਵਿੱਚ ਜਾ ਰਹੇ ਭਾਜਪਾ ਵਰਕਰਾਂ ਨੇ ਕਥਿਤ ਤੌਰ 'ਤੇ ਪ੍ਰਦਰਸਨ ਕਰ ਰਹੇ ਕਿਸਾਨਾਂ ਨੂੰ ਵਾਹਨਾਂ ਨਾਲ ਕੁਚਲ ਦਿੱਤਾ ਸੀ।ਇਸ ਦੌਰਾਨ ਚਾਰ ਕਿਸਾਨਾਂ ਸਮੇਤ ਅੱਠ ਲੋਕਾਂ ਦੀ ਮੌਤ ਹੋ ਗਈ। ਚਰਨਜੀਤ ਚੰਨੀ ਨੇ ਕਿਹਾ ਕਿ ਲਖੀਮਪੁਰ ਖੀਰੀ ਵਿੱਚ ਹੋਈ ਘਟਨਾ ਨੇ ਉਨ੍ਹਾਂ ਨੂੰ 1919 ਦੀ ਜਲ੍ਹਿਆਂਵਾਲਾ ਬਾਗ ਘਟਨਾ ਦੀ ਯਾਦ ਦਿਵਾ ਦਿੱਤੀ।ਪੰਜਾਬ ਦੇ ਮੁੱਖ ਮੰਤਰੀ ਨੇ ਇਲਜਾਮ ਲਾਇਆ, "ਜਿਸ ਢੰਗ ਨਾਲ ਸਾਂਤਮਈ ਪ੍ਰਦਰਸਨ ਕਰ ਰਹੇ ਕਿਸਾਨਾਂ 'ਤੇ ਐਸਯੂਵੀ ਕਾਰ ਨੂੰ ਉਲਟਾ ਦਿੱਤਾ ਗਿਆ ਅਤੇ ਮਾਰਿਆ ਗਿਆ ਉਹ ਜਾਣਬੁੱਝ ਕੇ ਕੀਤਾ ਗਿਆ ਸੀ।" ਇਸ ਤਰ੍ਹਾਂ ਦੀ ਘਟਨਾ ਜਾਪਦੀ ਹੈ।

ਮੁੱਖ ਮੰਤਰੀ ਨੇ ਕਿਹਾ, "(ਨਰਿੰਦਰ) ਮੋਦੀ ਜੀ ਨੂੰ ਆਪਣੀ ਭਾਜਪਾ ਅਤੇ ਰਾਸਟਰੀ ਸਵੈ ਸੇਵਕ ਸੰਘ ਦੇ ਲੋਕਾਂ ਨੂੰ ਰੋਕਣਾ ਚਾਹੀਦਾ ਹੈ। ਇਹ ਦੇਸ ਵਿੱਚ ਨਹੀਂ ਚੱਲੇਗਾ।" ਉੱਤਰ ਪ੍ਰਦੇਸ ਵਿੱਚ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਦੀ ਹਿਰਾਸਤ 'ਤੇ ਚੰਨੀ ਨੇ ਕਿਹਾ, "ਹੁਣ ਬਹੁਤ ਹੋ ਗਿਆ ਹੈ।ਇਹ ਅਸਵੀਕਾਰਨਯੋਗ ਹੈ ਅੱਜ ਸਾਰੇ ਦੇਸ ਵਾਸੀਆਂ ਦਾ ਖੂਨ ਖੌਲ ਰਿਹਾ ਹੈ।

## 3 ਲੱਖ ਤੋਂ ਵੱਧ ਪੈਨਸ਼ਨਰਾਂ ਨੂੰ ਪੰਜਾਬ ਸਰਕਾਰ ਦਾ ਤੋਹਫਾ

**ਚੰਡੀਗੜ੍ਹ/ਵਿਨੋਦ ਕੁਮਾਰ**

ਪੰਜਾਬ ਭਰ ਦੇ ਪੈਨਸ਼ਨਰਾਂ ਨੂੰ ਵੱਡਾ ਤੋਹਫਾ ਦਿੰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਵਿੱਤ ਵਿਭਾਗ ਨੂੰ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਮੌਜੂਦਾ ਵਿੱਤੀ ਸਾਲ ਦੌਰਾਨ ਤਿੰਨ ਲੱਖ ਤੋਂ ਵੱਧ ਪੈਨਸ਼ਨਰਾਂ ਨੂੰ ਇਕ ਜੁਲਾਈ, 2021 ਤੋਂ 1887 ਕਰੋੜ ਰੁਪਏ ਦੀ ਵਾਧੂ ਰਾਸ਼ੀ ਨਾਲ ਸੋਧੀ ਹੋਈ ਪੈਨਸ਼ਨ ਦੀ ਅਦਾਇਗੀ ਕਰਨ ਦੇ ਆਦੇਸ਼ ਦਿੱਤੇ ਹਨ।

ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਦੇ ਮੁਤਾਬਕ ਮੁੱਖ ਮੰਤਰੀ ਚੰਨੀ ਨੇ ਇਸ ਸਬੰਧੀ ਫਾਈਲ ਉਤੇ ਅੱਜ ਸੇਵੇਰ ਸਹੀ ਪਾ ਦਿੱਤੀ ਹੈ। ਇਸੇ ਦੌਰਾਨ ਮੁੱਖ ਮੰਤਰੀ ਨੇ ਲੀਵ ਇਨਕੈਸ਼ਮੈਂਟ ਅਤੇ ਗ੍ਰੈਚੂਇਟੀ ਸਮੇਤ ਸੇਵਾ-ਮੁਕਤ ਲਾਭ ਦੇਣ ਦੀ ਵੀ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਨਾਲ ਕਿਸ਼ਤਾਂ ਵਿਚ ਅਦਾਇਗੀ ਕਰਨ ਦੇ ਪਹਿਲੇ ਫੈਸਲੇ ਦੀ ਬਜਾਏ ਹੁਣ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਇਕ ਜਨਵਰੀ, 2016 ਤੋਂ 30 ਜੂਨ, 2021 ਦਰਮਿਆਨ ਸੇਵਾ-ਮੁਕਤ ਹੋਏ ਲਗਪਗ 42,600 ਨੂੰ 915 ਕਰੋੜ ਰੁਪਏ ਦੀ ਅਦਾਇਗੀ ਇਕ ਵਾਰ ਹੀ ਕਰ ਦਿੱਤੀ ਜਾਵੇਗੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਫੈਸਲੇ ਨਾਲ ਮੌਜੂਦਾ ਵਿੱਤੀ ਸਾਲ ਦੌਰਾਨ ਸੂਬੇ ਦੇ ਖਜ਼ਾਨੇ ਉਤੇ ਕੁੱਲ 2802 ਕਰੋੜ ਰੁਪਏ ਦਾ ਬੋਝ ਪਵੇਗਾ।ਇਸ ਤਰ੍ਹਾਂ ਮੁੱਖ ਮੰਤਰੀ ਨੇ ਆਦੇਸ਼ ਦਿੱਤੇ ਕਿ ਅਜਿਹੀ ਸੋਧੀ ਹੋਈ ਪੈਨਸ਼ਨ ਇਕ ਜੁਲਾਈ, 2021 ਤੋਂ ਪੈਨਸ਼ਨਰਾਂ ਨੂੰ ਇਕ ਵਾਰ ਵਿਚ ਹੀ ਅਦਾ ਕਰ ਦਿੱਤੀ ਜਾਵੇਗੀ।

## ਤਿੰਨ ਕਿਸਾਨਾਂ ਦਾ ਸਸਕਾਰ, ਗੁਰਵਿੰਦਰ ਸਿੰਘ ਦੇ ਪਰਿਵਾਰ ਨੇ ਇਨਕਾਰ ਕੀਤਾ : ਲਖੀਮਪੁਰ ਖੀਰੀ 'ਚ ਇੰਟਰਨੈੱਟ ਬੰਦ

**ਨਵੀਂ ਦਿੱਲੀ/ਲੋਕ ਬਾਣੀ**




ਉੱਤਰ ਪ੍ਰਦੇਸ ਦੇ ਲਖੀਮਪੁਰ ਖੀਰੀ ਵਿਖੇ ਮਾਰੇ ਗਏ ਕਿਸਾਨ ਗੁਰਵਿੰਦਰ ਸਿੰਘ ਦਾ ਪੋਸਟਮਾਰਟਮ ਮੁੜ ਹੋਵੇਗਾ। ਕਿਸਾਨ ਆਗੂਆਂ ਵੱਲੋਂ ਦੱਸਿਆ ਗਿਆ ਕਿ ਪਹਿਲਾਂ ਹੋਏ ਪੋਸਟਮਾਰਟਮ ਤੋਂ ਪਰਿਵਾਰ ਤੇ ਕਿਸਾਨ ਸੰਤੁਸਟ ਨਹੀਂ ਹਨ। ਕਿਸਾਨ ਆਗੂਆਂ ਮੁਤਾਬਕ ਚਸਮਦੀਦਾਂ ਵੱਲੋਂ ਗੋਲੀ ਮਾਰੇ ਜਾਣ ਦੀ ਪੁਖਤਾ ਜਾਣਕਾਰੀ ਹੈ, ਜਿਸ ਕਰਕੇ ਮੁੜ ਪੋਸਟਮਾਰਟਮ ਕਰਵਾਉਣ ਲਈ ਕਿਸਾਨਾਂ ਦੀ ਕੋਸਿ?ਸ ਹੈ। ਲਖੀਮਪੁਰ ਖੀਰੀ ਵਿੱਚ ਇੰਟਰਨੈੱਟ ਸੇਵਾਵਾਂ ਹਾਲੇ ਬੰਦ ਹਨ।ਕੁੱਝ ਕਿਸਾਨਾਂ ਵੱਲੋਂ ਰਵਨੀਤ ਸਿੰਘ ਹੁੰਦਲ ਦੇ ਪੋਸਟਮਾਰਟਮ ਦੌਰਾਨ ਉੱਠੇ ਮਾਮਲੇ ਨੂੰ ਧਿਆਨ ਵਿੱਚ ਰੱਖਦੇ ਹੋਏ ਲਾਸ ਦਾ ਸਸਕਾਰ ਨਹੀਂ ਕੀਤਾ ਜਾ ਰਿਹਾ। ਬਹਿਰਾਇਚ ਦੇ ਕਿਸਾਨ ਗੁਰਵਿੰਦਰ ਸਿੰਘ ਦਾ ਅੰਤਮ ਸੰਸਕਾਰ ਦਾ ਪਰਿਵਾਰ ਵਲੋਂ ਰੋਕ ਦਿੱਤਾ ਗਿਆ, ਜਦ ਕਿ ਤਿੰਨ ਕਿਸਾਨਾਂ ਦਾ ਸਸਕਾਰ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ 19 ਸਾਲਾ ਨੌਜਵਾਨ ਦੇ ਪਰਿਵਾਰ ਨੇ ਲਾਸ ਦਾ ਸਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਕਿਹਾ ਹੈ ਕਿ ਜਦੋਂ ਤੱਕ ਪੋਸਟਮਾਰਟਮ ਰਿਪੋਰਟ ਨਹੀਂ ਮਿਲ ਜਾਂਦੀ ਸਸਕਾਰ ਨਹੀਂ ਕੀਤਾ ਜਾਵੇਗਾ। ਕੇਂਦਰੀ ਮੰਤਰੀ ਅਜੈ ਮਿਸਰਾ ਦੇ ਦੌਰੇ ਦੇ ਵਿਰੋਧ ਵਿੱਚ ਐਤਵਾਰ ਦੀ ਹਿੰਸਾ ਵਿੱਚ ਮਾਰੇ ਗਏ 9 ਲੋਕਾਂ ਵਿੱਚ ਲਵਪ੍ਰੀਤ ਸਿੰਘ ਅਤੇ ਤਿੰਨ ਹੋਰ ਕਿਸਾਨ ਸਾਮਲ ਸਨ।

## ਯੂਪੀ ਦੀ ਰਾਜਧਾਨੀ ਲਖਨਊ 'ਚ 8 ਨਵੰਬਰ ਤਕ ਧਾਰਾ-144 ਲਾਗੂ, ਕਿਸਾਨ ਅੰਦੋਲਨ ਕਾਰਨ ਵਧੀ ਸਖ਼ਤੀ

**ਲਖਨਊ/ਲੋਕ ਬਾਣੀ**



ਲਖੀਮਪੁਰ ਖੀਰੀ 'ਚ ਹਿੰਸਾ ਤੋਂ ਬਾਅਦ ਤੋਂ ਉੱਤਰ ਪ੍ਰਦੇਸ਼ 'ਚ ਸਿਆਸਤ ਤੇਜ ਹੋ ਗਈ ਹੈ। ਵਿਰੋਧੀ ਦਲਾਂ ਦੇ ਤਮਾਮ ਲੀਡਰ ਲਖਨਊ ਰਾਹੀਂ ਲਖੀਮਪੁਰ ਖੀਰੀ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ।ਇਸ ਦਰਮਿਆਨ ਯੂਪੀ ਦੀ ਰਾਜਧਾਨੀ ਲਖਨਊ 'ਚ ਅੱਠ ਨਵੰਬਰ ਤਕ ਧਾਰਾ-144 ਲਾਗੂ ਕਰਨ ਦੇ ਹੁਕਮ ਦਿੱਤੇ ਗਏ ਹਨ।ਇਹ ਫੈਸਲਾ ਕੋਰੋਨਾ ਮਹਾਮਾਰੀ, ਆਗਾਮੀ ਤਿਉਹਾਰਾਂ, ਕਿਸਾਨ ਸੰਗਠਨਾਂ ਦੇ ਪ੍ਰਦਰਸ਼ਨਾਂ ਨੂੰ ਦੇਖਦਿਆਂ ਲਿਆ ਗਿਆ ਹੈ। ਧਾਰਾ-144 ਦੇ ਤਹਿਤ ਪੰਜ ਤੋਂ ਜ?ਆਦਾ ਲੋਕਾਂ ਦੇ ਇਕੱਠੇ ਹੋਣ ਦੀ ਇਜਾਜਤ ਨਹੀਂ ਹੈ। ਇਕ ਬਿਆਨ 'ਚ ਕਿਹਾ, 'ਲਖਨਊ ਪੁਲਿਸ ਨੇ ਆਗਾਮੀ ਤਿਉਹਾਰਾਂ, ਵੱਖ-ਵੱਖ ਪ੍ਰੀਖਿਆਵਾਂ ਤੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੇ ਮੱਦੇਨਜਰ ਕਾਨੂੰਨ-ਵਿਵਸਥਾ ਬਣਾਈ ਰੱਖਣ ਤੇ ਕੋਰੋਨਾ ਨਿਯਮਾਂ ਦਾ ਪਾਲਣ ਯਕੀਨੀ ਬਣਾਉਣ ਲਈ 8 ਨਵੰਬਰ ਤਕ ਸੀਆਰਪੀਸੀ ਦੀ ਧਾਰਾ-144 ਦੇ ਤਹਿਤ ਪਾਬੰਦੀ ਲਾਈ ਹੈ।'

## ਨਵਜੋਤ ਸਿੱਧੂ ਦੀ ਚੇਤਾਵਨੀ : ਜੇ ਕੱਲ੍ਹ ਤੱਕ ਨਾ ਹੋਏ ਇਹ ਦੋ ਕੰਮ ਤਾਂ ਪੰਜਾਬ ਕਾਂਗਰਸ ਲਖੀਮਪੁਰ ਖੀਰੀ ਵੱਲ ਮਾਰਚ ਕਰੇਗੀ

**ਚੰਡੀਗੜ੍ਹ/ਲੋਕ ਬਾਣੀ**



ਕਾਂਗਰਸੀ ਲੀਡਰ ਨਵਜੋਤ ਸਿੱਧੂ ਨੇ ਲਖੀਮਪੁਰ ਦੀ ਘਟਨਾ ਨੂੰ ਲੈ ਕੇ ਚੇਤਾਵਨੀ ਦਿੱਤੀ ਹੈ।ਦਰਅਸਲ, ਲਖੀਮਪੁਰ ਖੀਰੀ ਦੇ ਕਾਂਡ ਨੂੰ ਲੈ ਕੇ ਪੂਰੇ ਦੇਸ਼ ਵਿੱਚ ਰੋਹ ਅਤੇ ਗੁੱਸਾ ਹੈ।ਇਸ ਘਟਨਾ ਵਿੱਚ ਕਿਸਾਨਾਂ ਸਣੇ ਕੁੱਲ 8 ਲੋਕਾਂ ਦੀ ਮੌਤ ਹੋਈ ਹੈ।ਇਸ ਘਟਨਾ ਮਗਰੋਂ ਜਦੋਂ ਕਾਂਗਰਸੀ ਲੀਡਰ ਯੂਪੀ ਜਾਣ ਦੀ ਕੋਸ਼ਿਸ਼ ਕਰਨ ਲਗੇ ਤਾਂ ਯੂਪੀ ਸਰਕਾਰ ਨੇ ਉਨ੍ਹਾਂ ਨੂੰ ਦਾਖਲ ਹੋਣ ਦੀ ਇਜਾਜਤ ਨਹੀਂ ਦਿੱਤੀ। ਕਾਂਗਰਸੀ ਆਗੂ ਪ੍ਰਿਯਕਾ ਗਾਂਧੀ ਨੂੰ ਗ੍ਰਿਫਤਾਰ ਕਰ ਲਿਆ ਗਿਆ।ਪੰਜਾਬ ਦੇ ਡਿਪਟੀ ਸੀਐੱਮ ਸੁੱਖਜਿੰਦਰ ਰੰਧਾਵਾ ਅਤੇ ਮੁੱਖ ਮੰਤਰੀ ਚੰਨੀ ਨੂੰ ਵੀ ਯੂਪੀ ਜਾਣ ਦੀ ਇਜਾਜਤ ਨਹੀਂ ਮਿਲੀ।

ਇਸ ਵਿਚਾਲੇ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਅਸਤੀਫੇ ਦੇ ਚੁੱਕੇ ਨਵਜੋਤ ਸਿੱਧੂ ਨੇ ਟਵੀਟ ਕਰਕੇ ਯੋਗੀ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ।ਸਿੱਧੂ ਨੇ ਕਿਹਾ, "ਜੇ, ਕੱਲ੍ਹ ਤੱਕ, ਕਿਸਾਨਾਂ ਦਾ ਬੇਰਹਿਮੀ ਨਾਲ ਕਤਲ ਦੇ ਪਿੱਛੇ ਕੇਂਦਰੀ ਮੰਤਰੀ ਦੇ ਬੇਟੇ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਅਤੇ ਗੈਰਕਾਨੂੰਨੀ ਢੰਗ ਨਾਲ ਗ੍ਰਿਫਤਾਰ ਸਾਡੇ ਨੇਤਾ ਪ੍ਰਿਯੰਕਾ ਗਾਂਧੀ, ਨੂੰ ਰਿਹਾਅ ਨਹੀਂ ਕੀਤਾ ਤਾਂ ਪੰਜਾਬ ਕਾਂਗਰਸ ਲਖੀਮਪੁਰ ਖੀਰੀ ਵੱਲ ਮਾਰਚ ਕਰੇਗੀ।"







**ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ :**

**ਲੋਕ ਬਾਣੀ, ਸੰਗਮ ਕੰਪਲੈਕਸ, ਮਿਲਾਪ ਚੌਕ, ਜਲੰਧਰ : 99155-94111**

# ਡਿਪਟੀ ਡਾਇਰੈਕਟਰ, ਫੈਕਟਰੀਜ, ਨੇ ਐਚ. ਐਮ. ਈ. ਐਲ., ਬਠਿੰਡਾ ਦੇ ਸਹਿਯੋਗ ਨਾਲ ਆਫਸਾਈਟ ਐਮਰਜੈਂਸੀ ਮੌਕ ਡਰਿਲ ਦਾ ਆਯੋਜਨ ਕੀਤਾ

## ਐਲ. ਪੀ. ਜੀ. ਲੀਕੇਜ਼ ਦੇ ਦ੍ਰਿਸ਼ ਨੂੰ ਕੰਟਰੋਲ ਕਰਨ ਲਈ ਮੌਕ ਡਰਿੱਲ ਦੌਰਾਨ ਬਚਾਅ ਸਮਰੱਥਾਵਾਂ ਦਾ ਸ਼ਾਨਦਾਰ ਪ੍ਰਦਰਸ਼ਨ





**ਰਾਮਾਂ ਮੰਡੀ/ਅਨਿਲ ਜੈਨ**

ਆਫਤਾਂ ਦੇ ਪ੍ਰਬੰਧਨ ਵਿੱਚ ਸੰਕਟਾਂ ਅਤੇ ਜਿੰਮੇਵਾਰੀਆਂ ਦਾ ਸੰਗਠਨ ਅਤੇ ਪ੍ਰਬੰਧਨ ਸਾਮਲ ਹੁੰਦਾ ਹੈ ਜੋ ਐਮਰਜੈਂਸੀ ਦੇ ਸਾਰੇ ਮਾਨਵਤਾਵਾਦੀ ਪਹਿਲੂਆਂ ਨਾਲ ਨਜਿੱਠਦਾ ਹੈ, ਖਾਸ ਕਰਕੇ ਤਿਆਰੀਆਂ, ਪ੍ਰਤੀਕਿਰਿਆ ਅਤੇ ਰਿਕਵਰੀ, ਆਫਤਾਂ ਦੇ ਪ੍ਰਭਾਵ ਨੂੰ ਘਟਾਉਣ ਲਈ. ਆਫਤ ਪ੍ਰਬੰਧਨ ਦੀ ਤਿਆਰੀ ਨੂੰ ਪਰਖਣ ਲਈ, ਡਿਪਟੀ ਡਾਇਰੈਕਟਰ, ਫੈਕਟਰੀਜ ਦੁਆਰਾ ਐਚਪੀਸੀਐਲ-ਮਿੱਤਲ ਐਨਰਜੀ ਲਿਮਟਿਡ (ਐਚਐਮਈਐਲ), ਬਠਿੰਡਾ ਦੇ ਸਹਿਯੋਗ ਨਾਲ ਅੱਜ ਜਿ਼ਲ੍ਹਾ ਪ੍ਰਸਾਸਨ ਅਤੇ ਜਿ਼ਲ੍ਹਾ ਸੰਕਟ ਸਮੂਹ ਦੇ ਤਾਲਮੇਲ ਨਾਲ ਐਚਐਮਈਐਲ ਟਾਓਨਸਿ਼ਪ ਦੇ ਨੇੜੇ ਐਮਰਜੈਂਸੀ ਰਿਸਪਾਂਸ ਮੌਕ ਡਰਿੱਲ ਕਰਵਾਈ ਗਈ।

ਐਮਰਜੈਂਸੀ ਮੌਕ ਡਰਿੱਲ ਫੈਕਟਰੀਆਂ ਦੇ ਡਿਪਟੀ ਡਾਇਰੈਕਟਰ, ਵਿਸਾਲ ਸਿੰਗਲਾ ਦੀ ਹਾਜਰੀ ਵਿੱਚ ਕੀਤੀ ਗਈ, ਜੋ ਡ੍ਰਿਲ ਲਈ ਘਟਨਾ ਕਮਾਂਡਰ ਸਨ। ਸਰਕਾਰੀ ਮੈਡੀਕਲ ਅਫਸਰ, ਤਲਵੰਡੀ ਸਾਬੋ, ਨੈਸਨਲ ਡਿਜਾਸਟਰ ਰਿਸਪਾਂਸ ਫੋਰਸ (ਐਨਡੀਆਰਐਫ) ਦੀ 35 ਮੈਂਬਰੀ ਟੀਮ, ਸਿਵਲ ਡਿਫੈਂਸ ਦੀ 10 ਮੈਂਬਰੀ ਟੀਮ, ਸਥਾਨਕ ਪਿੰਡ ਪ੍ਰਸਾਸਨ ਅਤੇ ਪੁਲਿਸ ਅਧਿਕਾਰੀਆਂ ਨੇ ਇਸ ਮੌਕ ਡਰਿੱਲ ਵਿੱਚ ਹਿੱਸਾ ਲਿਆ। ਇਹ ਐਮਐਸਆਈਐਚਸੀ (ਸੋਧ) ਨਿਯਮਾਂ 1994 ਦੇ ਅਨੁਕੂਲ ਵੀ ਹੈ। ਡਿੱਗਣ ਕਾਰਨ ਇੱਕ ਐਲਪੀਜੀ ਟੈਂਕਰ ਦੇ ਲੀਕੇਜ ਹੋਣ ਦਾ ਸੰਕਟਕਾਲੀਨ ਦ੍ਰਿਸ਼ ਪੇਸ ਕੀਤਾ ਗਿਆ ਸੀ ਅਤੇ ਐਚਐਮਈਐਲ, ਐਨਡੀਆਰਐਫ ਅਤੇ ਜਿ਼ਲ੍ਹਾ ਫਾਇਰ ਵਿਭਾਗ ਦੀ ਐਮਰਜੈਂਸੀ ਟੀਮ ਨੇ ਐਮਰਜੈਂਸੀ ਨਾਲ ਨਜਿੱਠਣ ਅਤੇ ਲੋਕਾਂ ਨੂੰ ਬਾਹਰ ਕੱਣ ਵਿੱਚ ਨਿਰਵਿਘਨ ਤਾਲਮੇਲ ਦਿਖਾਇਆ। ਸ੍ਰੀ ਵਿਸਾਲ ਸਿੰਗਲਾ ਨੇ ਸਮੁੱਚੇ ਆਪਰੇਸਨ ਦੌਰਾਨ ਵੱਖ-ਵੱਖ ਏਜੰਸੀਆਂ ਜਿਵੇਂ ਕਿ ਜਿ਼ਲ੍ਹਾ ਫਾਇਰ ਵਿਭਾਗ, ਮੈਡੀਕਲ ਵਿਭਾਗ, ਐਨਡੀਆਰਐਫ ਅਤੇ ਐਚਐਮਈਐਲ ਐਮਰਜੈਂਸੀ ਟੀਮ ਦੇ ਜਵਾਬ ਦੀ ਨੇੜਿਓਂ ਨਿਗਰਾਨੀ ਕੀਤੀ ਅਤੇ ਸੁਧਾਰ ਦੇ ਖੇਤਰਾਂ ਨੂੰ ਨੋਟ ਕੀਤਾ।

ਬਚਾਅ ਕਾਰਜਾਂ 'ਤੇ ਸੰਤੁਸਟੀ ਜਾਹਰ ਕਰਦਿਆਂ, ਐਨਡੀਆਰਐਫ ਦੇ -ਕਮਾਂਡ, ਸ੍ਰੀ ਸਸੀ ਚੰਦਰ ਝਾ ਨੇ ਕਿਹਾ ਕਿ ਅੱਜ ਦੀ ਮੌਕ ਡਰਿੱਲ ਬਹੁਤ ਵਧੀਆ ਤਾਲਮੇਲ ਨਾਲ ਕੀਤੀ ਗਈ ਸੀ ਅਤੇ ਇਸ ਵਿੱਚ ਸਾਮਲ ਸਾਰੀਆਂ ਏਜੰਸੀਆਂ ਨੇ ਆਪਣੀ ਡਿਊਟੀਆਂ ਵਧੀਆ ਤਰੀਕੇ ਨਾਲ ਨਿਭਾਈਆਂ। ਸਾਨੂੰ ਲੋਕਾਂ ਅਤੇ ਜਾਇਦਾਦ ਨੂੰ ਬਚਾਉਣ ਲਈ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਵਿੱਚ ਸਾਡੀ ਸਮਰੱਥਾ ਨੂੰ ਮਜਬੂਤ ਕਰਨ ਲਈ ਅਜਿਹੀਆਂ ਹੋਰ ਮੌਕ ਡ੍ਰਿਲਸ ਕਰਨ ਦੀ ਜਰੂਰਤ ਹੈ। ਜਿ਼ਲ੍ਹੇ ਦੇ ਪ੍ਰਮੁੱਖ ਉਦਯੋਗਾਂ ਜਿਵੇਂ ਕਿ ਐਨਐਫਐਲ, ਆਈਓਸੀਐਲ, ਐਚਪੀਸੀਐਲ, ਬੀਪੀਸੀਐਲ, ਪੰਜਾਬ ਸਟੇਟ ਪਾਵਰ ਕਾਰਪੋਰੇਸਨ, ਗੁਰੂ ਹਰਗੋਬਿੰਦ ਥਰਮਲ ਪਲਾਂਟ, ਲਹਿਰਾ ਮੁਹੱਬਤ, ਖੇਤੀਬਾੜੀ ਵਿਭਾਗ ਆਦਿ ਦੇ ਨੁਮਾਇੰਦਿਆਂ ਨੇ ਮੌਕ ਡਰਿੱਲ ਵਿੱਚ ਹਿੱਸਾ ਲਿਆ।

ਇਸ ਤੋਂ ਬਾਅਦ ਨਿਰੀਖਕਾਂ ਅਤੇ ਮੌਕ ਡਰਿੱਲ ਵਿੱਚ ਸਾਮਲ ਸਾਰੇ ਲੋਕਾਂ ਦੀ ਸਮੀਖਿਆ ਮੀਟਿੰਗ ਹੋਈ ਜਿਸ ਵਿੱਚ ਸੁਧਾਰ ਦੇ ਮੌਕਿਆਂ ਤੇ ਚਰਚਾ ਕੀਤੀ ਗਈ।

# ਲਖੀਮਪੁਰ ਖੀਰੀ ਦੀ ਹੋਈ ਦਰਦਨਾਕ ਘਟਨਾ ਦੇ ਵਿਰੋਧ ਵਿਚ ਆਮ ਆਦਮੀ ਪਾਰਟੀ ਹਲਕਾ ਮੋਗਾ ਵੱਲੋਂ ਰੋਸ ਪ੍ਰਦਰਸ਼ਨ : ਨਵਦੀਪ ਸੰਘ




**ਮੋਗਾ/ਦਵਿੰਦਰ ਸਿੰਘ ਬਿੱਟੂ**

ਆਮ ਆਦਮੀ ਪਾਰਟੀ ਹਲਕਾ ਮੋਗਾ ਤੋਂ ਇੰਚਾਰਜ ਨਵਦੀਪ ਸੰਘਾ ਨੇ ਪ੍ਰੈਸ ਨਾਲ ਗੱਲ ਬਾਤ ਕਰਦੇ ਦਸਿਆ ਕਿ ਲਖੀਮਪੁਰ ਖੀਰੀ ਵਿਖੇ ਹੋਏ ਦਰਦਨਾਕ ਹਾਦਸੇ ਪਿੱਛੇ ਭਾਜਪਾ ਦੇ ਗੁੰਡਿਆਂ ਦਾ ਹੱਥ ਹੈ ਅਤੇ ਕਿਸਾਨੀ ਅੰਦੋਲਨ ਨੂੰ ਦਬਾਉਣ ਦੀ ਗਹਿਰੀ ਸ਼ਾਜਿਸ ਦਾ ਹਿੱਸਾ। ਆਮ ਆਦਮੀ ਪਾਰਟੀ ਇਸ ਘਟਨਾ ਦੀ ਨਿਖੇਧੀ ਕਰਦੀ ਹੈ ਅਤੇ ਕੜੇ ਸ਼ਬਦਾਂ ਵਿੱਚ ਇਸ ਦੀ ਨਿੰਦਾ ਕਰਦੀ ਹੈ ਅਪਣੇ ਹੱਕਾਂ ਲਈ ਸ਼ਾਂਤਮਈ ਧਰਨਾ ਦੇ ਰਹੇ ਕਿਸਾਨਾਂ ਉੱਪਰ ਇਸ ਤਰਾਂ ਦੇ ਕਾਤਲਾਨਾ ਹਮਲੇ ਕਦੇ ਵੀ ਬਰਦਾਸ਼ਤ ਨਹੀਂ ਕੀਤੇ ਜਾਣਗੇ। ਆਮ ਆਦਮੀ ਪਾਰਟੀ ਇਹ ਮੰਗ ਕਰਦੀ ਹੈ ਕਿ ਇਸ ਘਟਨਾ ਲਈ ਜਿੰਮੇਵਾਰ ਕੇਂਦਰੀ ਰਾਜ ਮੰਤਰੀ ਅਜੈ ਮਿਸ਼ਰਾ ਅਤੇ ਉਸ ਦੇ ਪੁੱਤਰ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਅਤੇ ਇਸ ਦੰਗਈ ਮੰਤਰੀ ਅਜੈ ਮਿਸ਼ਰਾ ਨੂੰ ਫੌਰੀ ਤੌਰ ਤੇ ਮੰਤਰੀ ਪਦ ਤੋਂ ਹਟਾਇਆ ਜਾਵੇ। ਆਮ ਆਦਮੀ ਪਾਰਟੀ ਪੂਰੀ ਤਰਾਂ ਨਾਲ ਕਿਸਾਨਾਂ ਦੇ ਨਾਲ ਹੈ ਅਤੇ ਭਵਿੱਖ ਵਿੱਚ ਵੀ ਕਿਸਾਨਾਂ ਦੇ ਨਾਲ ਚੱਟਾਨ ਵਾਂਗ ਖੜੀ ਰਹੇਗੀ। ਭਾਜਪਾ ਦਾ ਤਾਨਾਸ਼ਾਹੀ ਰਵੱਈਆ ਦੇਸ਼ ਲਈ ਖਤਰਨਾਕ ਹੈ ਅਤੇ ਅਸੀਂ ਇਸ ਰਵੱਈਏ ਦਾ ਸਖਤ ਵਿਰੋਧ ਕਰਦੇ ਹਾਂ। ਨਰਿੰਦਰ ਮੋਦੀ ਨੂੰ ਕਿਸਾਨਾਂ ਦੀਆਂ ਮੰਗਾਂ ਵੱਲ ਧੀਆਨ ਦੇਣਾ ਚਾਹੀਦਾ ਹੈ ਅਤੇ ਕਾਲੇ ਕਾਨੂੰਨ ਤੁਰੰਤ ਰੱਦ ਕਰਨੇ ਚਾਹੀਦੇ ਹਨ।

ਉਹਨਾਂ ਦਸਿਆ ਕਿ ਆਮ ਆਦਮੀ ਪਾਰਟੀ ਮੰਗ ਕਰਦੀ ਹੈ ਕਿ ਭਾਜਪਾ ਦੇ ਮੰਤਰੀ ਦੇ ਪੁੱਤਰ ਦੇ ਖ਼ਿਲਾਫ਼ ਹੱਤਿਆ ਦਾ ਮੁਕੱਦਮਾ ਦਰਜ ਕਰਕੇ ਉਸ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ।

ਅਜੈ ਸ਼ਰਮਾ ਨੇ ਦਸਿਆ ਕਿ ਜਿੰਨੀ ਦੇਰ ਤਕ ਇਸ ਕੇਸ ਦਾ ਫੈਸਲਾ ਨਹੀਂ ਹੋ ਜਾਂਦਾ ਓਨੀ ਦੇਰ ਤੱਕ ਮੰਤਰੀ ਨੂੰ ਉਸ ਦੇ ਪਦ ਤੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ ਕਿਉਂ ਜੋ ਕੇਂਦਰੀ ਗ੍ਰਹਿ ਰਾਜ ਮੰਤਰੀ ਹੋਣ ਦੇ ਨਾਤੇ ਉਹ ਜਾਂਚ ਏਜੰਸੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਵਿਕਰਮਜੀਤ ਸਿੰਘ ਘਾਤੀ ਨੇ ਦਸਿਆ ਕਿ ਨਰਿੰਦਰ ਮੋਦੀ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਕਿਸਾਨ ਇਨ੍ਹਾਂ ਕਾਨੂੰਨਾਂ ਦੇ ਖ਼ਿਲਾਫ਼ ਹਨ ਜਿਸ ਕਾਰਨ ਉਹ ਆਪਣੀ ਜਾਨ ਦੀ ਬਾਜ਼ੀ ਵੀ ਲਗਾ ਰਹੇ ਹਨ ਇਸ ਲਈ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਵਿੱਚ ਇਹ ਕਾਲੇ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ।

ਇਸ ਸਮੇਂ ਆਮ ਆਦਮੀ ਪਾਰਟੀ ਦੇ ਅਮਨ ਰਖਰਾ, ਤੇਜਿੰਦਰ ਬਰਾੜ, ਅਵਤਾਰ ਬੰਟੀ, ਬਲਜੀਤ ਸਿੰਘ ਚਾਨੀ (), ਹਰਜਿੰਦਰ ਸਿੰਘ ਰੋਡੇ (), ਸੋਨੀਆ ਢੰਡ, ਮਨਪ੍ਰੀਤ ਸਿੰਘ ਰਿੰਕੂ, ਸੁਖਦੀਪ ਧਾਮੀ, ਸੁਖਦਰਸ਼ਨ ਗਰੇਵਾਲ, ਜਗਰੂਪ ਸਿੰਘ, ਵਿਜੈ ਤਿਵਾੜੀ, ਦੀਪ ਦਾਰਪੁਰ, ਸ਼ੈਰੀ ਗਿੱਲ, ਨੱਛਤਰ ਮੱਲ੍ਹੀ, ਵਰਿੰਦਰ ਰਤੀਆਂ, ਵਿੱਕੀ ਜੱਸਲ, ਕੁਲਦੀਪ ਕੌਰ, ਡਾ ਨੂਰ ਅਤੇ ਹੋਰ ਆਪ ਆਗੂ ਮਜੂਦ ਸਨ।

# ਫੁਹਾਰਾ ਚੌਂਕ ਨੂੰ ਘੇਰ ਕੇ ਚੰਨੀ ਸਰਕਾਰ ਵਿਰੁੱਧ ਅਰਥੀ ਫੂਕ ਰੈਲੀ ਕੀਤੀ



**ਪਟਿਆਲਾ/ਜਗਦੀਸ ਰਾਈਕਾ**

ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1680 ਵੱਲੋਂ ਮੁਲਾਜਮ ਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਦਿੱਤੇ ਸੱਦੇ ਤੇ ਸਰਕਾਰੀ ਤੇ ਅਰਧ ਸਰਕਾਰੀ ਦਫਤਰਾਂ ਦੇ ਤੀਜਾਚੌਥਾ ਦਰਜਾ ਮੁਲਾਜਮਾਂ, ਟੈਕਨੀਕਲ ਸਮੇਤ "ਕੋਰੋਨਾ ਯੋਧਿਆਂ* ਵੱਲੋਂ ਫੁਹਾਰਾ ਚੌਂਕ ਨੂੰ ਘੇਰ ਕੇ "ਚੰਨੀ ਸਰਕਾਰ* ਵਿਰੁੱਧ "ਅਰਥੀ ਫੂਕ ਰੈਲੀ" ਕੀਤੀ। ਮੁਲਾਜਮ ਦੋ ਭਾਗਾਂ ਵਿੱਚ ਇਕਤਰ ਹੋ ਕੇ ਰੋਸ ਮਾਰਚ ਕਰਦੇ ਹੋਏ ਫੁਹਾਰਾ ਚੌਂਕ ਪਹੁੰਚੇ। ਪਹਿਲਾ ਜੱਥਾ ਜਲ ਸਰੋਤ ਵਿਭਾਗ 12 ਖੂਹ ਵਿਖੇ ਵਿਭਾਗੀ ਮੰਗ ਸਬੰਧੀ ਚੱਲ ਰਹੀ ਭੁੱਖ ਹੜਤਾਲੀ ਕੈਂਪ ਅੱਗੇ ਵਿਸ਼ਾਲ ਇਕੱਠ ਕੀਤਾ, ਜਿੱਥੇ ਜਲ ਸਰੋਤ (ਸਿੰਚਾਈ) ਵਿਭਾਗ ਦੇ ਅਧਿਕਾਰੀਆਂ ਦਾ ਪਿੱਟ ਸਿਆਪਾ ਕੀਤਾ, ਦੂਸਰਾ ਜੱਥਾ ਰਜਿੰਦਰਾ ਹਸਪਤਾਲ ਕੰਪਲੈਕਸ ਵਿਖੇ ਇਕਤਰ ਹੋਇਆ, ਜਿੱਥੇ "ਕੋਰੋਨਾ ਯੋਧਿਆਂ" ਨੂੰ 30092021 ਤੋਂ 1822 ਨੂੰ ਬਗੈਰ ਨੋਟਿਸ ਦਿੱਤਿਆਂ ਨੌਕਰੀਆਂ ਤੋਂ ਫਾਰਗ ਕਰਨ ਦੇ ਰੋਸ ਵੱਜੋਂ ਵਿਸ਼ਾਲ ਰੈਲੀ ਕੀਤੀ ਤੇ ਰੋਸ ਮਾਰਚ ਕਰਕੇ "ਫੁਹਾਰਾ ਚੌਂਕ" ਵਿਖੇ ਪਹੁੰਚੇ। ਦੋਵੇਂ ਜੱਥਿਆਂ ਨੇ ਸਾਂਝੀ ਰੈਲੀ ਕਰਕੇ "ਚੰਨੀ ਸਰਕਾਰ* ਦੀ ਮੁਲਾਜਮ ਮੰਗਾਂ, ਪੈਨਸ਼ਨਰ ਮੰਗਾਂ, ਕੰਟਰੈਕਟ, ਆਊਟ ਸੋਰਸ, ਡੇਲੀਵੇਜਿਜ ਅਤੇ "ਕੋਰੋਨਾ ਯੋਧਿਆਂ* ਸਮੇਤ ਪਾਰਟ ਟਾਈਮ ਕਰਮਚਾਰੀਆਂ ਨੂੰ ਅੱਖੋਂ ਓਹਲੇ ਕਰਨ, ਵਿਭਾਗ ਦੇ ਪੁਨਰਗਠਨ ਦੋਰਾਨ ਖਤਮ ਕੀਤੀਆਂ ਚੌਥਾ ਦਰਜਾ ਕਰਚਮਾਰੀਆਂ ਦੀ ਅਸਾਮੀਆਂ ਬਹਾਲ ਨਾ ਕਰਨ, ਡਾਇੰਗ ਕੇਡਰ ਵਿੱਚ ਪਾਈਆਂ ਅਸਾਮੀਆਂ ਬਹਾਲ ਨਾ ਕਰਨ ਤੇ ਮਲਟੀਟਾਸਕ ਵਰਕਰ ਦਾ ਅਹੁੱਦਾ ਖਤਮ ਨਾ ਕਰਨ, ਸਮੇਤ 2004 ਦੀ ਪੈਨਸ਼ਨ, ਬਰਾਬਰ ਕੰਮ ਬਰਾਬਰ ਤਨਖਾਹ ਦੇਣ, ਘੱਟੋ ਘੱਟ ਉਜਰਤਾਂ ਵਿੱਚ ਵਾਧਾ ਕਰਨ ਅਤੇ ਲੰਗੜੇ ਵੇਤਨ ਕਮਿਸ਼ਨ ਦੀ ਰਿਪੋਰਟ ਵਿੱਚ ਸੋਧਾਂ ਕਰਨ ਸਮੇਤ ਸਕੀਮ ਵਰਕਰਾਂ ਦੀਆਂ ਮੰਗਾਂ ਨੂੰ ਅੱਖੋਂ ਓਹਲੇ ਕਰਨ ਦੇ ਰੋਸ ਵਜੋਂ ਅਤੇ ਮੋਰਿੰਡਾ ਮੁਲਾਕਾਤ ਸਮੇਂ ਫਰੰਟ ਅਤੇ ਚੌਥਾ ਦਰਜਾ ਮੁਲਾਜਮ ਦੇ ਆਗੂਆਂ ਨੂੰ ਅੱਖੋਂ ਓਹਲੇ ਕਰਨ ਵਰਗੇ ਇਸ਼ੂਆਂ ਨੂੰ ਲੈ ਕੇ "ਫੁਹਾਰਾ ਚੌਂਕ* ਵਿਖੇ ਪਿੱਟ ਸਿਆਪਾ ਕਰਕੇ ਚੰਨੀ ਸਰਕਾਰ ਖਬਰਦਾਰ* ਦੇ ਨਾਅਰੇ ਲਾ ਕੇ "ਅਰਥੀ ਨੂੰ ਅਗਨ ਭੇਂਟ ਕੀਤਾ ਗਿਆ*। ਇਸ ਤੋਂ ਪਹਿਲਾਂ "ਲਖਮੀਪੁਰ ਖੀਰੀ* ਵਿਖੇ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਫੁਹਾਰਾ ਚੌਂਕ ਵਿਸ਼ਾਲ ਰੈਲੀ ਦੀ ਅਗਵਾਈ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਦੀਪ ਚੰਦ ਚੰਸ, ਬਲਜਿੰਦਰ ਸਿੰਘ, ਜਗਮੋਹਨ ਸਿੰਘ ਨੌਲੱਖਾ, ਰਾਮ ਕਿਸ਼ਨ, ਸਵਰਣ ਸਿੰਘ ਬੰਗਾ, ਪ੍ਰਦੀਪ ਕੁਮਾਰ, ਮਾਧੋ ਲਾਲ, ਗਗਨਦੀਪ ਕੌਰ, ਗੁਰਦਰਸ਼ਨ ਸਿੰਘ, ਸੂਰਜਪਾਲ ਯਾਦਵ, ਰਾਮ ਲਾਲ ਰਾਮਾ, ਪ੍ਰੀਤਮ ਚੰਦ ਠਾਕੁਰ, ਰਤਨ ਸਿੰਘ, ਰਾਮਪਾਲ, ਕੁਲਵਿੰਦਰ ਸਿੰਘ, ਤਰਲੋਚਨ ਮਾੜੂ, ਬਲਵਿੰਦਰ ਸਿੰਘ, ਦਰਸ਼ਨ ਸਿੰਘ ਭਾਦਸੋਂ, ਕਿਰਨਪਾਲ, ਅਮਰਨਾਥ ਨਰੜੂ ਆਦਿ ਆਗੂਆਂ ਨੇ ਸੰਬੋਧਨ ਕਰਕੇ ਕੀਤੀ। ਇਸ ਮੋਕੇ ਤੇ ਸਿੰਚਾਈ ਵਿਭਾਗ ਅੱਗੇ ਚਲ ਰਹੇ ਭੁੱਖ ਹੜਤਾਲ ਦੇ ਮੋਰਚੇ ਵਿੱਚ ਸਰਵ ਸ਼੍ਰੀ ਰਾਮ ਦਾਸ, ਮੇਜਰ ਸਿੰਘ ਭੁੱਖ ਹੜਤਾਲ ਤੇ ਬੈਠੇ।

# ਜਲ ਸਪਲਾਈ ਸੈਨੀਟੇਸ਼ਨ ਇੰਪਲਾਈਜ਼ ਯੂਨੀਅਨ ਨੇ ਮੰਗਾਂ ਨਾ ਮੰਨਣ 'ਤੇ ਸਰਕਾਰ ਤੇ ਅਫਸਰਾਂ ਨੂੰ ਦਿੱਤੀ ਸੰਘਰਸ਼ ਦੀ ਚਿਤਾਵਨੀ

**ਪਟਿਆਲਾ/ਜਗਦੀਸ ਰਾਈਕਾ**

ਨਾਭਾ ਰੋਡ ਯੂਨੀਅਨ ਦਫਤਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਖੇ ਬਰਾਂਚ ਪ੍ਰਧਾਨ ਗੋਪਾਲ ਚੰਦ ਸਹੋਤਾ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਸੂਬਾ ਜਨਰਲ ਸਕੱਤਰ ਮੁਕੇਸ਼ ਕੰਡਾ ਅਤੇ ਪਟਿਆਲਾ ਜਿਲਾ ਪ੍ਰਧਾਨ ਰਾਜਪਾਲ ਸਿੰਘ ਲਸੋਈ ਪਹੁੰਚੇ। ਮੀਟਿੰਗ ਵਿੱਚ ਵਿਚਾਰ ਕਰਦੇ ਹੋਏ ਕਰਮਚਾਰੀਆਂ ਨੇ ਆਪਣੀਆਂ ਮੰਗਾਂ ਵਿਸਤਾਰ ਪੂਰਵਕ ਦੱਸਿਆ ਜਿਸ ਵਿੱਚ ਕਾਫੀ ਸਮੇਂ ਤੋਂ ਪੰਪ ਚੇਬਰਾਂ ਦੀ ਰਿਪੇਅਰ ਵਾਟਰ ਵਰਕਸ ਉਪਰ ਪਖਾਨੇ ਬਣਾਉਣ ਬਾਰੇ ਅਤੇ ਪੰਜਾਬ ਸਰਕਾਰ ਵਲੋਂ 30 ਪ੍ਰਤੀਸ਼ਤ ਮੁਲਾਜਮਾਂ ਨੂੰ ਮੂਰਖ ਬਣਾਕੇ 6ਵਾਂ ਪੇ ਕਮਿਸ਼ਨ ਦੇਣ ਬਾਰੇ ਅਤੇ ਕੱਚੇ ਮੁਲਾਜਮਾਂ ਨੂੰ ਬਿਨਾਂ ਸ਼ਰਤ ਪੱਕਾ ਕਰਨ ਬਾਰੇ ਚਰਚਾ ਕੀਤੀ ਗਈ। ਜਿਸ ਵਿੱਚ ਮੁਕੇਸ਼ ਕੰਡਾ ਨੇ ਅਫਸਰਾਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਫੀਲਡ ਵਰਕਰਾਂ ਦੇ ਪੰਪ ਚੈਬਰ ਜਿਹੜੇ ਕੀ ਕਈ ਸਾਲਾਂ ਤੋਂ ਰਿਪੇਅਰ ਨਹੀਂ ਕੀਤੇ ਜਾ ਵਾਟਰ ਵਰਕਰਾਂ ਉਪਰ ਜਲਦੀ ਪਖਾਨੇ ਨਹੀਂ ਬਣਾਏ ਗਏ ਤਾਂ ਜਥੇਬੰਦੀ ਇਨ੍ਹਾਂ ਅਫਸਰਾਂ ਕੋਲੋ ਉਹ ਖਰਚੇ ਪੁੱਛਣ ਲਈ ਮਜਬੂਰ ਹੋਵੇਗੀ ਜਿਸ ਨਾਲ ਸਰਕਾਰ ਦਾ ਵਿੱਤੀ ਨੁਕਸਾਨ ਕੀਤਾ ਜਾ ਰਿਹਾ ਹੈ ਜਿਸ ਦਾ ਚਿੱਠਾ ਖੋਲਿਆ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ 6ਵੇਂ ਪੇ ਕਮਿਸ਼ਨ ਦੀ ਅਨਾਮਲੀ 2011 ਤੋਂ ਦੂਰ ਕਰਕੇ ਕੋਈ ਵੀ ਇੱਕ ਗੁਣਾਂਕ ਦਿੱਤਾ ਜਾਵੇ ਜੇਕਰ ਨਹੀਂ ਦਿੱਤਾ ਜਾਂਦਾ ਤਾਂ ਜਥੇਬੰਦੀ ਨੂੰ ਮਜਬੂਰ ਹੋ ਕੇ 23 ਅਕਤੂਬਰ ਨੂੰ ਮੋਰਿੰਡਾ ਵਿਖੇ ਵਿਸ਼ਾਲ ਧਰਨੇ ਉਪਰੰਤ ਰੋਸ ਰੈਲੀ ਕੱਢੀ ਜਾਵੇਗੀ ਜਿਸ ਦੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ। ਰਾਜਪਾਲ ਲਸੋਈ ਨੇ ਕਿਹਾ ਕਿ ਜੇਕਰ ਵਿਭਾਗੀ ਮੁੱਖੀ ਵਲੋਂ ਜਥੇਬੰਦੀ ਨਾਲ 13102021 ਤੱਕ ਦਿੱਤੇ ਹੋਏ ਮੰਗ ਪੱਤਰ ਦੇ ਹਵਾਲੇ ਵਿੱਚ ਜਥੇਬੰਦੀ ਨੂੰ ਸਮਾਂ ਨਹੀਂ ਦਿੱਤਾ ਗਿਆ ਤਾਂ ਮਜਬੂਰ ਹੋ ਕੇ ਮਿਤੀ 13102021 ਨੂੰ ਮੋਹਾਲੀ ਵਿਖੇ ਵਿਸ਼ਾਲ ਧਰਨਾ ਲਗਾਇਆ ਜਾਵੇਗਾ। ਜਿਸ ਦੀ ਜਿੰਮੇਵਾਰੀ ਵਿਭਾਗੀ ਮੁੱਖੀ ਦੀ ਹੋਵੇਗੀ। ਅੱਜ ਹੋਰਨਾ ਤੋਂ ਇਲਾਵਾ ਸ਼ਮਿੰਦਰ ਸਿੰਘ, ਗੁਰਚਰਨ ਸਿੰਘ ਧਨੋਆ, ਗੁਰਦੇਵ ਸਿੰਘ ਸਿਰਸਵਾਲ ਮੀਤ ਪ੍ਰਧਾਨ, ਮਨਮੋਹਨ ਸਿੰਘ, ਨੰਦ ਲਾਲ, ਨਿਰਮਲ ਸਿੰਘ, ਮਦਨ ਗੋਪਾਲ, ਰਾਮ ਮਿਲਣ, ਹਰਪ੍ਰੀਤ ਸਿੰਘ, ਰਾਜ ਕੁਮਾਰ ਆਦਿ ਹਾਜਰ ਸਨ।

# ਬਸਪਾ ਦਾ ਜਿਲ੍ਹਾ ਪ੍ਰਧਾਨ ਬਨਣ ਦੇ ਸ਼ੁਕਰਾਨੇ ਵਜੋਂ ਲਖਵੀਰ ਸਿੰਘ ਨਿੱਕਾ ਤਖਤ ਸ੍ਰੀ ਦਮਦਮਾ ਸਾਹਿਬ ਹੋਏ ਨਤਮਸਤਕ



**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਬਹੁਜਨ ਸਮਾਜ ਪਾਰਟੀ ਜਿਲ੍ਹਾ ਬਠਿੰਡਾ ਦੇ ਨਵ ਨਿਯੁਕਤ ਜਿਲ੍ਹਾ ਪ੍ਰਧਾਨ ਲਖਵੀਰ ਸਿੰਘ ਨਿੱਕਾ ਅੱਜ ਅਹੁਦੇ ਦੇ ਸ਼ੁਕਰਾਨੇ ਵਜੋਂ ਤਖਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਏ। ਇਸ ਮੌਕੇ ਬਸਪਾ ਆਲਾਕਮਾਨ ਵੱਲੋਂ ਵਿਸ਼ੇਸ ਤੌਰ ਤੇ ਪੁੱਜੇ ਕੁਲਦੀਪ ਸਿੰਘ ਸਰਦੂਲਗੜ੍ਹ ਵੀ ਮੌਜੂਦ ਨਜ਼ਰ ਆਏ।

ਤਖਤ ਸਾਹਿਬ ਨਤਮਸਤਕ ਹੋਣ ਉਪਰੰਤ ਉਨਾਂ ਨੂੰ ਬਸਪਾ ਆਗੂਆਂ ਅਤੇ ਵਰਕਰਾਂ ਵੱਲੋਂ ਸਿਰੋਪੇ ਭੇਂਟ ਕੀਤੇ ਗਏ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਲਖਵੀਰ ਸਿੰਘ ਨਿੱਕਾ ਨੇ ਕਿਹਾ ਕਿ ਬਸਪਾ ਨੇ ਨਾ ਕੇਵਲ ਦਲਿਤ ਭਾਈਚਾਰਾ ਸਗੋਂ ਹਰੇਕ ਭਾਈਚਾਰੇ ਦੇ ਹੱਕਾਂ ਦੀ ਗੱਲ ਹਮੇਸ਼ਾਂ ਕੀਤੀ ਹੈ ਅਤੇ ਇਹੀ ਕਾਰਣ ਹੈ ਕਿ ਹੁਣ ਬਸਪਾ ਨਾਲ ਹਰੇਕ ਧਰਮ ਵਰਗ ਦੇ ਲੋਕ ਤੇਜ਼ੀ ਨਾਲ ਜੁੜ ਰਹੇ ਹਨ। ਉਨਾਂ ਆਪਣੀ ਨਿਯੁਕਤੀ ਤੇ ਬਸਪਾ ਸੁਪਰੀਮੋ ਭੈਣ ਮਾਇਆਵਤੀ, ਸੂਬਾ ਇੰਚਾਰਜ ਰਣਧੀਰ ਸਿੰਘ ਬੈਣੀਵਾਲ ਅਤੇ ਵਿਪੁਲ ਕੁਮਾਰ ਤੋਂ ਇਲਾਵਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦਾ ਧੰਨਵਾਦ ਕਰਦਿਆਂ ਯਕੀਨ ਦਵਾਇਆ ਕਿ ਉਹ ਪਾਰਟੀ ਨੂੰ ਜਿਲ੍ਹੇ ਅੰਦਰ ਹੋਰ ਮਜ਼ਬੂਤੀ ਵੱਲ ਲੈ ਜਾਣਗੇ। ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਸਰਦੂਲਗੜ੍ਹ ਨੇ ਇਸ ਮੌਕੇ ਲਖਵੀਰ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਬਸਪਾ ਸ਼੍ਰੋਮਣੀ ਅਕਾਲੀ ਦਲ ਨਾਲ ਮਿਲਕੇ 2022 ਵਿੱਚ ਸੂਬੇ ਦੀ ਸਰਕਾਰ ਵਿੱਚ ਅਹਿਮ ਰੋਲ ਨਿਭਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਿਲ੍ਹਾ ਆਗੂ ਹਰਨੇਕ ਸਿੰਘ ਜਗਾ ਰਾਮ ਤੀਰਥ, ਹਲਕਾ ਇੰਚਾਰਜ ਅਮਰ ਸਿੰਘ, ਰਵੀ ਕੁਮਾਰ, ਜੀਤ ਸਿੰਘ ਟੀ.ਟੀ ਹਲਕਾ ਪ੍ਰਧਾਨ, ਟਿੱਕਾ ਸਿੰਘ ਖਜਾਨਚੀ, ਸੀ.ਆਗੂ ਮਾ. ਜਗਦੀਪ ਸਿੰਘ ਗੋਗੀ, ਰਮੇਸ਼ ਮੇਸ਼ੀ ਯੂਥ ਵਿੰਗ ਪ੍ਰਧਾਨ, ਰਣਧੀਰ ਧੀਰਾ ਰਾਮਪੁਰਾ, ਗੁਰਤੇਜ ਕਾਕਾ, ਮਨਦੀਪ ਸਿੰਘ ਭੁੱਚੋ, ਗੁਰਮੇਲ ਸਿੰਘ ਜਗਾ, ਤ੍ਰਿਲੋਕ ਸਿੰਘ ਜਗਾ, ਸੁਰਜੀਤ ਸਿੰਘ ਰਾਜਪੂਤ, ਰਾਜ ਤੋਗੜੀਆ ਆਦਿ ਬਸਪਾ ਆਗੂ ਮੌਜੂਦ ਸਨ।

# ਰਾਮ ਕਰਮ ਅਕੈਡਮੀ ਧਰਮਕੋਟ ਦਾ ਨਤੀਜਾ ਸੌ ਫੀਸਦੀ ਰਿਹਾ

## ਵੀਰਪਾਲ ਕੌਰ ਨੇ ਮੋਗਾ ਜ਼ਿਲੇ 'ਚ ਪਹਿਲਾਂ ਸਥਾਨ ਹਾਸਲ ਕੀਤਾ



**ਮੋਗਾ, ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਰਾਮਕਰਮ ਅਕੈਡਮੀ ਧਰਮਕੋਟ ਜੋ ਕਿ ਮੋਗਾ ਰੋਡ ਤੇ ਸਥਿਤ ਹੈ ਦਾ ਬੀ ਏ, ਐਮ ਐਡ ,ਐਮ ਏ ਪੁਲੀਟੀਕਲ, ਐੱਮ ਬੀ ਏ , ਡੀ.ਐਲ.ਐਸ ਦਾ ਨਤੀਜਾ ਸੌ ਫੀਸਦੀ ਰਿਹਾ ਅਕੈਡਮੀ ਦੇ ਆਏ ਇਸ ਸ਼ਾਨਦਾਰ ਨਤੀਜੇ ਸਬੰਧੀ ਡਾਇਰੈਕਟਰ ਹਰਪ੍ਰੀਤ ਕੌਰ ਅਰੋੜਾ ਤੇ ਗੌਰਵ ਗੁਪਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੀ.ਐਲ.ਆਈ. ਐਸ ਭਾਗ ਪਹਿਲਾ ਦੇ ਵਿਦਿਆਰਥੀ ਵੀਰਪਾਲ ਕੌਰ ਨੇ ਮੋਗਾ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਤੇ ਐਮ.ਏ ਇੰਗਲਿਸ਼ ਵਿੱਚ ਮਲਿਕਾ ਵਧਵਾ ਨੇ ਪਹਿਲਾ ਸਥਾਨ ਹਾਸਲ ਕਰਕੇ ਅਕੈਡਮੀ ਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ ਉਨ੍ਹਾਂ ਦੱਸਿਆ ਕਿ ਬੀ ਏ ਭਾਗ ਤੀਸਰੇ ਦੇ ਵਿਦਿਆਰਥੀ ਜਸਪ੍ਰੀਤ ਸਿੰਘ ਨੇ ਪਹਿਲਾ ਅਤੇ ਪਰਮਜੀਤ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ ਹੈ ਐਮ.ਐਡ ਵਿੱਚ ਬਲਬੀਰ ਕੌਰ ਨੇ ਪਹਿਲਾ ਸਥਾਨ ਅਤੇ ਐਮ ਏ ਪੁਲੀਟੀਕਲ ਵਿੱਚ ਪਹਿਲਾ ਸਥਾਨ ਅਮਨਦੀਪ ਕੌਰ ਨੇ ਪ੍ਰਾਪਤ ਕੀਤਾ ਹੈ ਅਤੇ ਐਮ ਬੀ ਏ ਦੇ ਵਿਚ ਨਵਦੀਪ ਕੌਰ ਨੇ ਪਹਿਲਾ ਸਥਾਨ ਅਤੇ ਹਰਪ੍ਰੀਤ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ ਹੈ ਮੈਡਮ ਅਰੋੜਾ ਨੇ ਇਸ ਕਾਮਯਾਬੀ ਦਾ ਸਿਹਰਾ ਮਿਹਨਤੀ ਸਟਾਫ ਨੂੰ ਦਿੱਤਾ ਹੈ ਇਸ ਮੌਕੇ ਉਨ੍ਹਾਂ ਨਾਲ ਅਮਨਪ੍ਰੀਤ ਕੌਰ, ਅਮਨਦੀਪ ਕੌਰ, ਪ੍ਰਦੀਪ ਸਿੰਘ ,ਅਮਰਿੰਦਰ ਸਿੰਘ ਸੈਂਡੀ,ਕੁਲਬੀਰ ਕੌਰ, ਮਨਵੀਰ ਕੌਰ, ਮਹਿਕਪਰੀਤ ਕੌਰ, ਗੁਰਪ੍ਰੀਤ ਸਿੰਘ ਮਨੀ, ਮਨਪ੍ਰੀਤ ਕੌਰ, ਮਹਿਕਪਰੀਤ ਕੌਰ, ਅਤੇ ਸਮੂਹ ਸਟਾਫ ਮੌਜੂਦ ਸਨ।

# ਵਾਤਾਵਰਣ ਪ੍ਰੇਮੀ ਜਸਬੀਰ ਸਿੰਘ ਨੇ ਗੁਰਦਾਸਪੁਰ ਨੰਗਲ ਅਤੇ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਮੁਫਤ ਫੁੱਲਦਾਰ ਪੌਦੇ ਵੰਡੇ



*ਵਾਤਾਵਰਣ ਪ੍ਰੇਮੀ ਜਸਬੀਰ ਸਿੰਘ ਜ਼ਿਲ੍ਹਾ ਪਬੰਧਕੀ ਕੰਪਲੈਕਸ ਵਿਖੇ ਪੌਦੇ ਵੰਡਣ ਮੌਕੇ ਨਜ਼ਰ ਆ ਰਹੇ ਹਨ।*

**ਗੁਰਦਾਸਪੁਰ/ਨਵਨੀਤ ਕੁਮਾਰ**

ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ ਵਾਤਾਵਰਣ ਪ੍ਰੇਮੀ ਜਸਬੀਰ ਸਿੰਘ, ਵਾਸੀ ਹਯਾਤਨਗਰ (ਗੁਰਦਾਸਪੁਰ) ਲੋਕਾਂ ਨੂੰ ਮੁਫਤ ਪੌਦੇ ਵੰਡ ਕੇ, ਵਾਤਵਰਣ ਨੂੰ ਸਾਫ਼-ਸੁਥਰਾ ਰੱਖਣ ਲਈ ਜਾਗਰੂਕ ਕਰ ਰਿਹਾ ਹੈ। ਵਾਤਵਰਣ ਪ੍ਰੇਮੀ ਵਲੋਂ ਅੱਜ ਗੁਰਦਾਸ ਨੰਗਲ ਅਤੇ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਲੋਕਾਂ ਨੂੰ ਮੁਫਤ ਫੁੱਲਾਂ ਦੇ ਪੌਦੇ ਵੰਡੇ ਗਏ।

ਇਸ ਮੌਕੇ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਅਸੀਂ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਈਏ। ਵੱਧ ਤੋਂ ਵੱਧ ਪੌਦੇ ਲਗਾਈਏ ਤੇ ਉਨਾਂ ਦੀ ਸੰਭਾਲ ਕਰੀਏ। ਵਾਤਾਵਰਣ ਪ੍ਰੇਮੀ ਜਸਬੀਰ ਸਿੰਘ ਨੇ ਦੱਸਿਆ ਕਿ ਉਹ ਕਰੀਬ 1991 ਤੋਂ ਲੋਕਾਂ ਨੂੰ ਆਪਣੀ ਨਰਸਰੀ ਵਿਚ ਬੂਟੇ ਤਿਆਰ ਕਰਕੇ ਵੰਡ ਰਿਹਾ ਹੈ। ਮੌਸਮੀ ਅਤੇ ਮੈਡੀਸਨ ਪੌਦੇ ਉਸ ਵਲੋਂ ਲੋਕਾਂ ਨੂੰ ਦਿੱਤੇ ਜਾਂਦੇ ਹਨ।

ਵਾਤਾਵਰਣ ਪ੍ਰੇਮੀ ਦਾ ਕਹਿਣਾ ਹੈ ਕਿ ਉਹ ਘਰਾਂ ਵਿਚ ਤੇ ਖਾਸਕਰਕੇ ਗਮਲਿਆਂ ਵਿਚ ਲੱਗਣ ਵਾਲੇ ਬੂਟੇ ਲੋਕਾਂ ਨੂੰ ਵੰਡਦੇ ਹਨ। ਉਨਾਂ ਅੱਗੇ ਕਿਹਾ ਕਿ ਦਿਨੋ ਦਿਨ ਪਲੀਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਹੰਭਲਾ ਮਾਰਨਾ ਚਾਹੀਦਾ ਹੈ ਤੇ ਪੌਦੇ ਲਗ੍ਹਾ ਕੇ ਉਨਾਂ ਦੀ ਸੰਭਾਲ ਕਰਨੀ ਚਾਹੀਦੀ ਹੈ।

# 2011 ਬੈਚਦੇ ਆਈ. ਏ. ਐਸ. ਅਧਿਕਾਰੀ ਕੁਮਾਰ ਸੌਰਭ ਰਾਜ ਨੇ ਡਿਪਟੀ ਕਮਿਸ਼ਨਰ ਬਰਨਾਲਾ ਵਜੋਂ ਅਹੁਦਾ ਸੰਭਾਲਿਆ

## ਝੋਨੇ ਦੀ ਸੁਖਾਵੀਂ ਖਰੀਦ ਅਤੇ ਫਸਲੀ ਰਹਿੰਦ-ਖੂੰਹਦ ਦੇ ਯੋਗ ਨਿਬੇੜੇ ਲਈ ਸਾਂਝੇ ਹੰਭਲੇ ਦਾ ਸੱਦਾ : ਡੀ. ਸੀ. ਬਰਨਾਲਾ



**ਬਰਨਾਲਾ/ਰਮਨਦੀਪ ਧਾਲੀਵਾਲ**

ਬਰਨਾਲਾ ਜਿਲ੍ਹੇ ਚ ਨਵੇ ਆਏ 2011 ਬੈੱਚ ਦੇ ਆਈਏਐਸ ਅਧਿਕਾਰੀ ਸ੍ਰੀ ਕੁਮਾਰ ਸੌਰਭ ਰਾਜ ਨੇ ਅੱਜ ਸਥਾਨਕ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਬਰਨਾਲਾ ਵਜੋਂ ਅਹੁਦਾ ਸੰਭਾਲ ਲਿਆ ਹੈ। ਸ੍ਰੀ ਕੁਮਾਰ ਸੌਰਭ ਰਾਜ ਇਸ ਤੋਂ ਪਹਿਲਾਂ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਡਿਪਟੀ ਕਮਿਸ਼ਨਰ ਫਰੀਦਕੋਟ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਇਸ ਤੋਂ ਇਲਾਵਾ ਉਹ ਵੱਖ ਵੱਖ ਅਹਿਮ ਅਹੁਦਿਆਂ 'ਤੇ ਤਾਇਨਾਤ ਰਹਿ ਚੁੱਕੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਕੁਮਾਰ ਸੌਰਭ ਰਾਜ ਆਈਏਐਸ ਨੇ ਆਖਿਆ ਕਿ ਜ਼ਿਲਾ ਬਰਨਾਲਾ ਦੇ ਸਰਬਪੱਖੀ ਵਿਕਾਸ ਲਈ ਸਿਰਤੋੜ ਯਤਨ ਕੀਤੇ ਜਾਣਗੇ। ਉਨਾਂ ਕਿਹਾ ਕਿ ਝੋਨੇ ਦੀ ਸੁਖਾਵੀਂ ਖਰੀਦ ਅਤੇ ਫਸਲੀ ਰਹਿੰਦ-ਖੂੰਹਦ ਦੇ ਸੁਚੱਜੇ ਨਿਬੇੜੇ ਲਈ ਸਾਰੀਆਂ ਧਿਰਾਂ ਅਤੇ ਕਿਸਾਨਾਂ ਦੇ ਸਹਿਯੋਗ ਨਾਲ ਵਿਸ਼ੇਸ਼ ਰਣਨੀਤੀ ਉਲੀਕੀ ਜਾਵੇਗੀ। ਇਸ ਤੋਂ ਇਲਾਵਾ ਪਾਰਦਰਸ਼ੀ ਅਤੇ ਬਿਹਤਰੀਨ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਾਈਆਂ ਜਾਣਗੀਆਂ ਤਾਂ ਜੋ ਆਮ ਜਨਤਾ ਨੂੰ ਖੱਜਲ-ਖੁਆਰ ਨਾ ਹੋਣਾ ਪਵੇ। ਉਨਾਂ ਕਿਹਾ ਕਿ ਇਨਾਂ ਸਾਰੇ ਹੰਭਲਿਆਂ ਲਈ ਸਾਰੀਆਂ ਧਿਰਾਂ ਅਤੇ ਜ਼ਿਲੇ ਦੇ ਹਰ ਨਾਗਰਿਕ ਦੇ ਸਹਿਯੋਗ ਦੀ ਜ਼ਰੂਰਤ ਹੈ ਤਾਂ ਜੋ ਬਰਨਾਲਾ ਜ਼ਿਲੇ ਨੂੰ ਹੋਰ ਅੱਗੇ ਲਿਆਂਦਾ ਜਾ ਸਕੇ।

# ਪਿੰਡ ਦਾਉਦਪੁਰ ਵਿੱਚ ਨਸ਼ਿਆਂ ਨੂੰ ਰੋਕਣ ਲਈ ਪੁਲਿਸ ਵੱਲੋਂ ਮੀਟਿੰਗ

**ਕਪੂਰਥਲਾ/ਜੀ ਐਸ**

ਨਜ਼ਦੀਕੀ ਪਿੰਡ ਦਾਉਦਪੁਰ -ਮਿਰਜਾਪੁਰ ਵਿਖੇ ਇੱਕ ਪੁਲਿਸ ਪਬਲਿਕ ਮੀਟਿੰਗ ਦਾਉਦਪੁਰ ਦੇ ਸਰਪੰਚ ਅਤੇ ਨੰਬਰਦਾਰ ਅਤੇ ਮਾਰਕੀਟ ਕਮੇਟੀ ਫਿਲਵਾਂ ਦੇ ਵਾਇਸ ਚੇਅਰਮੈਨ ਸੁਖਜਿੰਦਰ ਸਿੰਘ ਸੰਧੂ ਅਤੇ ਥਾਣਾ ਮੁਖੀ ਫਿਲਵਾਂ ਸੁਖਵਿੰਦਰ ਸਿੰਘ ਦਿਉਲ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਦਾਉਦਪੁਰ ਦੇ ਸਰਪੰਚ ਅਤੇ ਨੰਬਰਦਾਰ ਅਤੇ ਮਾਰਕੀਟ ਕਮੇਟੀ ਫਿਲਵਾਂ ਦੇ ਵਾਇਸ ਚੇਅਰਮੈਨ ਸੁਖਜਿੰਦਰ ਸਿੰਘ ਸੰਧੂ ਅਤੇ ਥਾਣਾ ਮੁਖੀ ਫਿਲਵਾਂ ਸੁਖਵਿੰਦਰ ਸਿੰਘ ਦਿਉਲ ਨੇ ਇਲਾਕਾ ਨਿਵਾਸੀਆਂ ਨੂੰ ਨਸ਼ਿਆਂ ਨੂੰ ਠੱਲ ਪਾਉਣ ਲਈ ਪੁਲਿਸ ਨੂੰ ਸਹਿਯੋਗ ਦੇਣ ਲਈ ਕਿਹਾ। ਉਹਨਾ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਡੇ ਇਲਾਕੇ ਅਤੇ ਪਿੰਡ ਵਿੱਚ ਕੋਈ ਨਸ਼ਾ ਵੇਚਦਾ ਹੈ ਤਾਂ ਤੁਰੰਤ ਹੀ ਉਸ ਦੀ ਸੂਚਨਾ ਥਾਣੇ ਵਿੱਚ ਦਿਉ , ਉਸ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਇਸ ਮੌਕੇ ਸਮੂਹ ਪਿੰਡ ਵਾਸੀਆਂ ਨੇ ਸਹਿਯੋਗ ਦੇਣ ਦਾ ਵਾਅਦਾ ਕੀਤਾ।



*ਪਿੰਡ ਦਾਉਦਪੁਰ ਵਿੱਚ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਥਾਣਾ ਮੁਖੀ ਸੁਖਵਿੰਦਰ ਸਿੰਘ ਦਿਉਲ।*

# ਡਿਪਟੀ ਕਮਿਸ਼ਨਰ ਵਲੋਂ ਝੋਨੇ ਦੀ ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕਤਾ ਵੈਨਾਂ ਰਵਾਨਾ

## ਕਿਸਾਨਾਂ ਨੂੰ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਦੀ ਕੀਤੀ ਅਪੀਲ



*ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਤੋਂ ਮੋਬਾਇਲ ਜਾਗਰੂਕਤਾ ਵੈਨਾਂ ਨੂੰ ਝੰਡੀ ਦੇ ਕੇ ਰਵਾਨਾ ਕਰਦੇ ਹੋਏ।*

**ਗੁਰਦਾਸਪੁਰ/ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਝੋਨੇ ਦੀ ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੁਕਤਾ ਵੈਨਾਂ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਡਾ. ਸੁਰਿੰਦਰ ਸਿੰਘ ਮੁੱਖ ਖੇਤੀਬਾੜੀ ਅਫਸਰ, ਡਾ. ਰਣਧੀਰ ਸਿੰਘ ਖੇਤੀਬਾੜੀ ਅਫਸਰ, ਡਾ. ਮਨਜੀਤ ਸਿੰਘ ਏ.ਡੀ.ਓ ਆਦਿ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਲ੍ਹੇ ਅੰਦਰ ਝੋਨੇ ਦੀ ਕਟਾਈ ਦਾ ਕੰਮ ਚੱਲ ਰਿਹਾ ਹੈ ਅਤੇ ਕਟਾਈ ਤੋਂ ਬਾਅਦ ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਲਈ ਕਿਸਾਨ ਵੀਰਾਂ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ ਮੋਬਾਇਲ ਜਾਗਰੂਕਤਾ ਵੈਨਾਂ ਚਲਾਈਆਂ ਗਈਆਂ ਹਨ, ਜੋ ਪਿੰਡ ਪਿੰਡ ਜਾ ਕੇ ਕਿਸਾਨ ਵੀਰਾਂ ਨੂੰ ਜਾਗਰੁਕ ਕਰਨਗੀਆਂ। ਉਨਾਂ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਵੱਖ-ਵੱਖ ਗਠਿਤ ਕੀਤੀਆਂ ਗਈਆਂ ਹਨ, ਜੋ ਕਿਸਾਨਾਂ ਨੂੰ ਪਰਾਲੀ/ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਾਉਣ ਲਈ ਪ੍ਰੇਰਿਤ ਕਰਨਗੀਆਂ, ਇਸ ਤੋ ਇਲਾਵਾ ਪਿੰਡਾਂ ਅੰਦਰ ਧਾਰਮਿਕ ਸਥਾਨਾਂ ਤੋਂ ਵੀ ਅਨਾਊਂਸਮੈਂਟ ਜਰੀਏ ਲੋਕਾਂ ਨੂੰ ਅੱਗ ਨਾ ਲਾਉਣ ਲਈ ਅਪੀਲ ਕੀਤੀ ਜਾ ਰਹੀ ਹੈ।

ਉਨਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਾਤਾਵਰਣ ਨੂੰ ਸ਼ੁੱਧ ਰੱਖਣ ਅਤੇ ਧਰਤੀ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਲਈ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਾਈ ਜਾਵੇ। ਵਾਤਾਵਰਣ ਪ੍ਰਦਸ਼ੂਤ ਹੋਣ ਨਾਲ ਵੱਖ-ਵੱਖ ਬਿਮਾਰੀਆਂ ਵਿਚ ਵਾਧਾ ਹੁੰਦਾ ਹੈ ਅਤੇ ਅੱਗ ਲਗਾਉਣ ਨਾਲ ਜ਼ਮੀਨ ਵਿਚਲੇ ਮਿੱਤਰ ਕੀੜੇ ਵੀ ਮਰ ਜਾਂਦੇ ਹਨ।

ਮੁੱਖ ਖੇਤੀਬਾੜੀ ਅਫਸਰ ਡਾ. ਸੁਰਿੰਦਰ ਸਿੰਘ ਨੇ ਦੱਸਿਆ ਕਿ ਮਾਣਯੋਗ ਨੈਸ਼ਨਲ ਗਰੀਨ ਟਰਬਿਊਨਲ, ਨਵੀਂ ਦਿੱਲੀ ਵਲੋਂ ਜਾਰੀ ਹਦਾਇਤਾਂ ਤਹਿਤ ਜਿਲੇ ਦੇ ਸਮੂਹ ਬਲਾਕਾਂ ਦੇ ਪਿੰਡਾਂ ਦੇ ਅੰਦਰ ਕਿਸਾਨਾਂ ਨੂੰ ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਾਉਣ ਲਈ ਤਿੰਨ ਵੈਨਾਂ ਚਲਾਈਆਂ ਗਈਆਂ ਹਨ। ਇਹ ਵੈਨਾਂ ਵੱਖ-ਵੱਖ ਪਿੰਡਾਂ ਵਿਚ ਜਾਣਗੀਆਂ ਤੇ ਇਨਾਂ ਉੱਪਰ ਲੱਗੇ ਲਾਊਡ ਸਪੀਕਰਾਂ ਰਾਹੀ ਅਨਾਊਂਸਮੈਂਟ ਕਰਕੇ ਜਾਗਰੂਕ ਕੀਤਾ ਜਾਵੇਗਾ।

# ਮਾਣਯੋਗ ਜੱਜ ਮਿਸ ਦਿਆ ਚੌਧਰੀ ਵਲੋਂ ਜ਼ਿਲਾ ਖਪਤਕਾਰ ਝਗੜਾ ਨਿਵਾਰਣ , ਕਮਿਸ਼ਨ ਗੁਰਦਾਸਪੁਰ ਦਫਤਰ ਦਾ ਉਦਘਾਟਨ

## ਖਪਤਕਾਰ/ਗ੍ਰਾਹਕ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ-ਸ਼ਿਕਾਇਤ ਦਰਜ ਕਰਵਾਉਣ ਲਈ ਜ਼ਿਲਾ ਖਪਤਕਾਰ ਝਗੜਾ ਨਿਵਾਰਣ ਕਮਿਸ਼ਨ ਗੁਰਦਾਸਪੁਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ

**ਗੁਰਦਾਸਪੁਰ/ਨਵਨੀਤ ਕੁਮਾਰ**

ਮਾਣਯੋਗ ਜੱਜ, ਮਿਸ ਦਿਆ ਚੋਧਰੀ ਵਲੋਂ ਜ਼ਿਲਾ ਪ੍ਰਬੰਧਕੀ ਕੰਪਲੈਕਸ , ਬਲਾਕ ਬੀ, ਦੂਸਰੀ ਮੰਜ਼ਿਲ, ਕਮਰਾ ਨੰਬਰ 328 ਵਿਖੇ, ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਣ, ਕਮਿਸ਼ਨ ਗੁਰਦਾਸਪੁਰ ਦੇ ਨਵੇ ਦਫਤਰ ਦਾ ਉਦਘਾਟਨ ਕੀਤਾ ਗਿਆ। ਇਸ ਤੋਂ ਪਹਿਲਾਂ ਇਹ ਦਫਤਰ ਗੁਰੂ ਨਾਨਕ ਪਾਰਕ, ਗੁਰਦਾਸਪੁਰ ਦੇ ਨੇੜੇ ਸਥਾਪਤ ਸੀ। ਇਸ ਮੌਕੇ ਸ੍ਰੀਮਤੀ ਨੀਲਮ ਗੁਪਤਾ, ਪ੍ਰਧਾਨ ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਣ ਕਮਿਸ਼ਨ ਗੁਰਦਾਸਪੁਰ, ਕਮਿਸ਼ਨ ਦੇ ਮੈਂਬਰ ਸ੍ਰੀ ਬੀ.ਐਸ ਮਠਾਰੂ, ਸ੍ਰੀ ਰਾਕੇਸ਼ ਸ਼ਰਮਾ ਪ੍ਰਧਾਨ, ਜ਼ਿਲਾ ਬਾਰ ਐਸ਼ੋਸ਼ੀਏਸ਼ਨ ਗੁਰਦਾਸਪੁਰ ਮੋਜੂਦ ਸਨ।

ਇਸ ਮੌਕੇ ਪ੍ਰਧਾਨ ਸ੍ਰੀਮਤੀ ਨੀਲਮ ਗੁਪਤਾ ਵਲੋਂ ਮਾਣਯੋਗ ਜੱਜ ਮਿਸ ਦਿਆ ਚੋਧਰੀ, ਪ੍ਰਧਾਨ ਸਟੇਟ ਖਪਤਕਾਰ ਝਗੜਾ ਨਿਵਾਰਣ ਕਮਿਸ਼ਨਰ ਪੰਜਾਬ. ਚੰਡੀਗੜ੍ਹ, ਮਿਸ ਵੀਨਾ ਭਾਰਦਵਾਜ, ਰਜਿਸਟਰਾਰ ਐਸ.ਸੀ.ਡੀ.ਆਰ.ਸੀ ਪੰਜਾਬ, ਜਨਾਬ ਮੁਹੰਮਦ ਇਸ਼ਫਾਕ ਡਿਪਟੀ ਕਮਿਸ਼ਨਰ ਦਾ ਸਵਾਗਤ ਕੀਤਾ ਗਿਆ।

ਆਨਲਾਈਨ ਸਮਾਗਮ ਵਿਚ ਸ਼ਿਰਕਤ ਕਰਦਿਆਂ ਮਾਣਯੋਗ ਜੱਜ ਮਿਸ ਦੀਆ ਚੋਧਰੀ ਨੇ ਕਿਹਾ ਕਿ ਖਪਤਕਾਰ ਝਗੜਾ ਨਿਵਾਰਣ, ਕਮਿਸ਼ਨ, ਖਪਤਾਕਾਰ/ਗ੍ਰਾਹਕਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਉਨਾਂ ਦੱਸਿਆ ਕਿ ਖਪਤਾਕਾਰ/ਗ੍ਰਾਹਕਾਂ ਨੂੰ ਆਪਣੇ ਅਧਿਕਾਰਾਂ ਤੋਂ ਜਾਗਰੂਕ ਹੋਣਾ ਚਾਹੀਦਾ ਹੈ। ਉਨਾਂ ਕਿਹਾ ਕਿ ਖਪਤਕਾਰ ਜਾਗਣ ਅਤੇ ਆਪਣੇ ਅਧਿਕਾਰਾਂ ਦੀ ਵਰਤੋ ਕਰਨ।



ਇਸ ਮੌਕੇ ਸ੍ਰੀਮਤੀ ਨੀਲਮ ਗੁਪਤਾ, ਪ੍ਰਧਾਨ ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਣ ਕਮਿਸ਼ਨ ਗੁਰਦਾਸਪੁਰ ਨੇ ਕਿਹਾ ਕਿ ਜੇਕਰ ਗ੍ਰਾਹਕ ਕਿਸੇ ਪੈਕ ਕੀਤੀ ਵਸਤੂ ਖਰੀਦਣ ਤੋਂ ਬਾਅਦ ਸੰਤੁਸ਼ਟ ਨਹੀਂ ਹੈ, ਤਾਂ ਉਹ ਖਪਤਕਾਰ ਕੇਅਰ ਸੈਲ ਨਾਲ ਸੰਪਰਕ ਕਰ ਸਕਦੇ ਹਨ ਜਾਂ ਜ਼ਿਲਾ ਪ੍ਰਬੰਧਕੀ ਕੰਪਲੈਕਸ , ਬਲਾਕ ਬੀ, ਦੂਸਰੀ ਮੰਜ਼ਿਲ , ਕਮਰਾ ਨੰਬਰ 328 ਵਿਖੇ ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਣ, ਕਮਿਸ਼ਨ ਗੁਰਦਾਸਪੁਰ ਵਿਖੇ ਸੰਪਰਕ ਕਰ ਸਕਦੇ ਹਨ। ਖਪਤਕਾਰ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਵਸਤੂ ਖਰੀਦਣ ਤੋਂ ਪਹਿਲਾਂ ਐਕਸਪਾਇਰੀ ਤਾਰੀਕ ਜਰੂਰ ਵੇਖੋ।

ਖਰੀਦਣ ਤੋਂ ਪਹਿਲਾਂ ਐਮ.ਆਰ.ਪੀ ਚੈੱਕ ਕਰੋ। ਉਤਪਾਦ ਦਾ ਕੁਆਲਿਟੀ ਮਾਰਕ ਚੈੱਕ ਕਰੋ। ਵਰੰਟੀ ਅਤੇ ਗਰੰਟੀ ਦੀਆਂ ਸ਼ਰਤਾਂ ਚੈੱਕ ਕਰੋ। ਪੈਕੇਟ ਦੀ ਕੁਲ ਮਾਤਰਾ/ਭਾਰ ਚੈੱਕ ਕਰੋ। ਉਤਪਾਦ ਦਾ ਨਾਮ ਚੈੱਕ ਕਰੋ ਅਤੇ ਖਰੀਦੀ ਹੋਈ ਚੀਜ਼ ਦੇ ਬਿੱਲ ਦੀ ਮੰਗ ਜਰੂਰ ਕਰੋ।

# ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 116 ਮੀਟਰਕ ਟਨ ਦੀ ਹੋਈ ਖਰੀਦ-ਕਿਸਾਨਾਂ ਨੂੰ ਫਸਲ ਸੁਕਾ ਕੇ ਮੰਡੀਆਂ ਵਿਚ ਲਿਆਉਣ ਦੀ ਅਪੀਲ

**ਗੁਰਦਾਸਪੁਰ/ਨਵਨੀਤ ਕੁਮਾਰ**

ਸ੍ਰੀ ਹਿਮਾਂਸ਼ੂ ਕੱਕੜ, ਡੀ.ਐਫ.ਐਸ.ਸੀ ਗੁਰਦਸਾਪੁਰ ਨੇ ਜਾਣਕਾਰੀ ਦੱਸਿਆ ਕਿ ਗੁਰਦਾਸਪੁਰ ਜ਼ਿਲ੍ਹੇ ਵਿਚ 03 ਅਕਤੂਬਰ ਤੱਕ 135 ਮੀਟਰਕ ਟਨ ਝੋਨੇ ਦੀ ਆਮਦ ਹੋਈ ਸੀ, ਜਿਸ ਵਿਚੋਂ 116 ਮੀਟਰਕ ਟਨ ਝੋਨੇ ਦੀ ਖਰੀਦ ਹੋ ਚੁੱਕੀ ਹੈ। ਪਨਗਰੇਨ ਵਲੋਂ 116 ਮੀਟਰਕ ਟਨ ਦੀ ਖਰੀਦ ਕੀਤੀ ਗਈ ਹੈ।

ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਫਸਲ ਨੂੰ ਸੁਕਾ ਕੇ ਹੀ ਮੰਡੀਆਂ ਵਿਚ ਲੈ ਕੇ ਆਉਣ, ਤਾਂ ਜੋ ਉਨਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਰਾਤ ਵੇਲੇ ਅਤੇ ਤੜਕਸਾਰ ਫਸਲ ਦੀ ਕਟਾਈ ਨਾ ਕੀਤੀ ਜਾਵੇ, ਕਿਉਂਕਿ ਇਸ ਸਮੇਂ ਦੌਰਾਨ ਕੀਤੀ ਕਟਾਈ ਨਾਲ ਨਮੀ ਜ਼ਿਆਦਾ ਹੁੰਦੀ ਹੈ ਅਤੇ ਕਿਸਾਨ ਨੂੰ ਨਮੀ ਵਾਲੀ ਫਸਲ ਸੁੱਕਣ ਤੱਕ ਮੰਡੀਆਂ ਵਿਚ ਰਹਿਣਾ ਪੈਂਦਾ ਹੈ। ਉਨਾਂ ਦੱਸਿਆ ਕਿ ਜ਼ਿਲੇ ਅੰਦਰ ਕੁਲ 95 ਮੰਡੀਆਂ ਹਨ ਅਤੇ ਕਿਸਾਨਾਂ ਨੂੰ ਮੰਡੀਆਂ ਵਿਚ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

ਉਨਾਂ ਕਿਸਾਨਾਂ ਨੂੰ ਫਸਲ ਦੀ ਰਹਿੰਦ-ਖੂੰਹਦ ਨਾ ਸਾੜਨ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਨਾੜ ਨੂੰ ਅੱਗ ਨਾ ਲਾਉਣ। ਇਸ ਸਾਲ ਮੰਡੀਆਂ ਵਿਚ ਕਰੀਬ 7 ਲੱਖ 03 ਮੀਟਰਕ ਟਨ ਝੋਨਾ ਆਉਣ ਦੀ ਸੰਭਾਵਨਾ ਹੈ।

Website : www.lokbani.com, Email : lokbani08@gmail.com

# ਜ਼ਿਲ੍ਹੇ ਵਿੱਚ ਹੁਣ ਤੱਕ 18722 ਮੀਟ੍ਰਿਕ ਟਨ ਝੋਨੇ ਦੀ ਹੋਈ ਆਮਦ

## 18338 ਮੀਟ੍ਰਿਕ ਟਨ ਝੋਨੇ ਦੀ ਕੀਤੀ ਗਈ ਖਰੀਦ

**ਜਲੰਧਰ/ਸੰਤੋਸ਼ ਰਾਏ**

ਡਿਪਟੀ ਕਮਿਸ਼ਨਰ ਸ਼੍ਰੀ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ 18722 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 18338 ਮੀਟ੍ਰਿਕ ਟਨ ਫਸਲ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਫਸਲ ਦੀ ਲਿਫਟਿੰਗ ਨੂੰ ਨਾਲੋ-ਨਾਲ ਯਕੀਨੀ ਬਣਾਇਆ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਪੇਸ਼ ਨਾ ਆਵੇ। ਉਨ੍ਹਾਂ ਕਿਸਾਨਾਂ ਦੀ ਫਸਲ ਦੀ ਨਿਰਵਿਘਨ ਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਬਾਰਦਾਨੇ ਸਮੇਤ ਕੋਈ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਕੀਤੀ ਗਈ ਖਰੀਦ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਪਨਗਰੇਨ ਵੱਲੋਂ 6785 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 4295 ਮੀਟ੍ਰਿਕ ਟਨ, ਪਨਸਪ ਵੱਲੋਂ 5982 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 1274 ਮੀਟ੍ਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 2 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਉਪਜ ਦਾ ਦਾਣਾ-ਦਾਣਾ ਖਰੀਦਿਆ ਜਾਵੇਗਾ। ਕਿਸਾਨਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਸਮੁੱਚੀ ਖਰੀਦ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਕਿਸਾਨਾਂ ਨੂੰ ਮੰਡੀਆਂ ਵਿੱਚ ਫਸਲ ਸੁਕਾ ਕੇ ਲੈ ਕੇ ਆਉਣ ਦੀ ਅਪੀਲ ਕੀਤੀ।

ਮੰਡੀਆਂ ਵਿੱਚ ਵਿਕਰੀ ਲਈ ਆਪਣੀ ਫਸਲ ਲੈ ਕੇ ਆ ਰਹੇ ਕਿਸਾਨਾਂ ਵੱਲੋਂ ਵੀ ਖਰੀਦ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਲੋਹੀਆਂ ਖਾਸ ਦੀ ਅਨਾਜ ਮੰਡੀ ਵਿੱਚ ਆਪਣੀ 60 ਕੁਇੰਟਲ ਫਸਲ ਲੈ ਕੇ ਆਏ ਪਿੰਡ ਸਿੱਧੂਪੁਰ ਦੇ ਕਿਸਾਨ ਕੁਲਦੀਪ ਸਿੰਘ ਨੇ ਕਿਹਾ ਕਿ ਉਹ ਸਵੇਰੇ ਹੀ ਮੰਡੀ ਵਿੱਚ ਆਪਣੀ ਫਸਲ ਲੈ ਕੇ ਆਇਆ ਸੀ, ਜਿਸ ਦੀ ਨਾਲੋ-ਨਾਲ ਖਰੀਦ ਹੋਣ ਕਾਰਨ ਉਹ ਬੇਹੱਦ ਖੁਸ਼ ਹੈ। ਇਸੇ ਤਰ੍ਹਾਂ ਪਿੰਡ ਮੀਆਂਵਾਲ ਦੇ ਕਿਸਾਨ ਸਾਧੂ ਸਿੰਘ ਅਤੇ ਪਿੰਡ ਲੋਹਗੜ੍ਹ ਦੇ ਕਿਸਾਨ ਪਰਵਿੰਦਰ ਸਿੰਘ, ਜੋ ਕਿ ਅਨਾਜ ਮੰਡੀ ਸ਼ਾਹਕੋਟ ਅਤੇ ਮਹਿਤਪੁਰ ਵਿਖੇ ਆਪਣਾ ਝੋਨਾ ਲੈ ਕੇ ਆਏ ਸਨ, ਨੇ ਵੀ ਮੰਡੀ ਵਿੱਚ ਫਸਲ ਦੀ ਖਰੀਦ ਲਈ ਕੀਤੇ ਸੁਚੱਜੇ ਪ੍ਰਬੰਧਾਂ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ, ਜਿਸ ਸਦਕਾ ਉਨ੍ਹਾਂ ਨੂੰ ਫਸਲ ਦੀ ਵਿਕਰੀ ਲਈ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ।

# ਲਖੀਮਪੁਰ ਖੀਰੀ ਘਟਨਾਂ ਦੇ ਵਿਰੋਧ ਵਿੱਚ ਮੋਦੀ ਤੇ ਯੋਗੀ ਸਰਕਾਰ ਖ਼ਿਲਾਫ਼ ਆਪ ਨੇ ਫੂਕਿਆ ਪੁਤਲਾ



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਲਖੀਮਪੁਰ ਖੀਰੀ ਅੰਦਰ ਸ਼ਾਤੀਪੂਰਵਕ ਖੇਤੀ ਬਿੱਲਾਂ ਦੇ ਵਿਰੋਧ ਕਰ ਰਹੇ ਕਿਸਾਨਾਂ ਨੂੰ ਸ਼ਹੀਦ ਕੀਤੇ ਜਾਣ ਦੇ ਵਿਰੋਧ ਵਜੋਂ ਪੱਟੀ ਤੋਂ ਆਪ ਦੇ ਹਲਕਾ ਇੰਚਾਰਜ਼ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਵਰਕਰਾਂ ਵੱਲੋਂ ਸ਼ਹਿਰ ਦੇ ਕੁੱਲਾ ਚੌਕ ਅੰਦਰ ਮੋਦੀ ਤੇ ਯੋਗੀ ਸਰਕਾਰ ਦੀ ਫਿਰਕਾਪ੍ਰਸਤ ਨੀਤੀ ਦੇ ਖ਼ਿਲਾਫ਼ ਪੁਤਲਾ ਫੂਕ ਕੇ ਰੋਸ ਜ਼ਾਹਰ ਕਰਦਿਆਂ ਸ਼ਹੀਦ ਕਿਸਾਨਾਂ ਨੂੰ ਸ਼ਰਧਾਜਲੀਆਂ ਦਿੱਤੀਆਂ। ਇਸ ਮੌਕੇ ਬੋਲਦਿਆਂ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਬੀਜੀਪੀ ਦੇ ਕੇਂਦਰੀ ਗ੍ਰਹਿ ਮੰਤਰੀ ਦੇ ਪੁੱਤਰ ਵੱਲੋਂ ਨਿਰਦੋਸ਼ ਕਿਸਾਨਾਂ ਨੂੰ ਗੱਡੀਆ ਹੇਠ ਕੁਚਲ ਕੇ ਸ਼ਹੀਦ ਕਰਨ ਵਾਲਾ ਅਣਮਨੁੱਖੀ ਕਾਰਾ ਮੋਦੀ ਤੇ ਯੋਗੀ ਸਰਕਾਰ ਦੀ ਸਰਪ੍ਰਸਤ ਹੇਠ ਕੀਤਾ ਗਿਆ ਹੈ । ਆਪ ਆਗੂ ਨੇ ਦੇਸ਼ ਦੇ ਰਾਸ਼ਟਰਪਤੀ ਤੋਂ ਮੰਗ ਕੀਤੀ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਸਮੇਤ ਉਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨੂੰ ਬਰਖਾਸਤ ਕੀਤਾ ਜਾਵੇ । ਇਸ ਮੌਕੇ ਆਪ ਵਰਕਰਾਂ ਤੇ ਆਗੂਆਂ ਨੇ ਰਾਸ਼ਟਰਪਤੀ ਤੋਂ ਮੰਗ ਕੀਤੀ ਤਿੰਨਾਂ ਖੇਤੀ ਬਿੱਲਾਂ ਨੂੰ ਰੱਦ ਕੀਤਾ ਜਾਵੇ ਅਤੇ ਦੋਸ਼ੀ ਕੇਂਦਰੀ ਮੰਤਰੀ ਅਤੇ ਉਸਦੇ ਪੁੱਤਰ ਆਸੀਸ਼ ਮਿਸ਼ਰਾ ਸਮੇਤ ਸਾਜਿਸ਼ ਰਚਣ ਅਤੇ ਗੁੰਡਾਗਰਦੀ ਕਰਨ ਵਾਲੇ ਲੋਕਾਂ ਨੂੰ ਤਰੁੰਤ ਗ੍ਰਿਫ਼ਤਾਰ ਕਰਕੇ ਬਣਦੀਆਂ ਸਜਾਵਾਂ ਦਿੱਤੀਆ ਜਾਣ। ਮੌਕੇ ਤੇ ਹਾਜਰ ਜਿ਼ਲਾ ਪ੍ਰਧਾਨ ਗੁਰਵਿੰਦਰ ਸਿੰਘ ਬਹਿਲਵੜ ਬੀ ਸੀ ਵਿੰਗ ਜ਼ਿਲਾ ਪ੍ਰਧਾਨ ਕੁਲਵੰਤ ਸਿੰਘ ਕਲਸੀ ਕੌਂਸਲਰ ਹੀਰਾ ਸਿੰਘ ਭੁੱਲਰ ਟਰੇਡ ਵਿੰਗ ਜਨਰਲ ਸਕੱਤਰ ਗੁਰਪਰਿਦਰ ਸਿੰਘ ਉੱਪਲ ਸਰਕਲ ਇੰਚਾਰਜ ਨਿਰਵੈਲ ਸਿੰਘ ਸਰਕਲ ਇੰਚਾਰਜ ਬਿਕਰਮਜੀਤ ਸਿੰਘ ਕਾਲੇਕੇ ਸਰਕਲ ਇੰਚਾਰਜ ਗੁਰਮੀਤ ਸਿੰਘ ਸੰਗਵਾ ਜ਼ਿਲ੍ਹਾ ਕੋਆਰਡੀਨੇਟਰ ਗੁਰਦੇਵ ਸਿੰਘ ਧਾਗਾਣਾ ਕੋਆਡੀਨੇਟਰ ਪਰਗਟ ਸਿੰਘ ਹਰੀਕੇ ਐਸ ਸੀ ਵਿੰਗ ਚੋਣ ਮੈਂਬਰਜ ਬਲਵਿੰਦਰ ਸਿੰਘ ਭੱਗੂਪੁਰ ਆਦਿ ਹਾਜਰ ਸਨ।

# ਤਰਨ ਤਾਰਨ ਜ਼ਿਲ੍ਹੇ ਦੇ ਕੰਬਾਇਨ ਮਾਲਕਾਂ ਨਾਲ ਡਿਪਟੀ ਕਮਿਸ਼ਨਰ ਵੱਲੋਂ ਕੀਤੀ ਗਈ ਅਹਿਮ ਮੀਟਿੰਗ



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਡਿਪਟੀ ਕਮਿਸ਼ਨਰ, ਤਰਨ ਤਾਰਨ ਸ਼੍ਰੀ ਕੁਲਵੰਤ ਸਿੰਘ ਆਈ.ਏ.ਐਸ ਜੀ ਦੀ ਪ੍ਰਧਾਨਗੀ ਵਿੱਚ ਮੁੱਖ ਖੇਤੀਬਾੜੀ ਅਫ਼ਸਰ, ਤਰਨ ਤਾਰਨ ਸ਼੍ਰੀ ਕੁਲਜੀਤ ਸਿੰਘ ਸੈਣੀ ਜੀ ਵੱਲੋਂ ਜ਼ਿਲ੍ਹੇ ਦੇ ਕੰਬਾਇਨ ਮਾਲਕਾਂ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਲਗਾਏ ਗਏ ਕਲੱਸਟਰ ਅਫ਼ਸਰਾਂ ਦੀ ਅਹਿਮ ਮੀਟਿੰਗ ਕੀਤੀ ਗਈ ।ਇਸ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ, ਤਰਨ ਤਾਰਨ ਜੀ ਨੇ ਕੰਬਾਇਨ ਮਾਲਕਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਕੰਬਾਇਨ ਬਿਨ੍ਹਾਂ ਐਸ.ਐਮ.ਐਸ ਦੇ ਖੇਤਾਂ ਵਿੱਚ ਨਾ ਚਲਾਈ ਜਾਵੇ ।ਉਹਨਾਂ ਦੱਸਿਆ ਕਿ ਬਿਨ੍ਹਾਂ ਐਸ.ਐਮ.ਐਸ ਤੋਂ ਕੰਬਾਇਨ ਚਲਾਉਣ ਵਾਲਿਆਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।ਇਸਦੇ ਨਾਲ ਹੀ ਮੀਟਿੰਗ ਵਿੱਚ ਮੌਜੂਦ ਕਲੱਸਟਰ ਅਫ਼ਸਰਾਂ ਨੂੰ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਬਾਰੇ ਕਿਹਾ ਗਿਆ ।ਕਲੱਸਟਰ ਅਫ਼ਸਰਾਂ ਨੂੰ ਇਹ ਵੀ ਹਦਾਇਤ ਦਿੱਤੀ ਗਈ ਕਿ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਪਿੰਡ-ਪਿੰਡ ਲਗਾਏ ਗਏ ਨੋਡਲ ਅਫ਼ਸਰਾਂ ਨਾਲ ਤਾਲਮੇਲ ਕਰਕੇ ਉਹਨਾਂ ਰਾਹੀਂ ਵੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ।ਉਸਦੇ ਨਾਲ ਹੀ ਮਾਣਯੋਗ ਡਿਪਟੀ ਕਮਿਸ਼ਨਰ, ਤਰਨ ਤਾਰਨ ਜੀ ਵੱਲੋਂ ਕਲੱਸਟਰ ਅਫ਼ਸਰਾਂ ਨੂੰ ਕਿਹਾ ਗਿਆ ਕਿ ਜੇਕਰ ਕੋਈ ਕਿਸਾਨ ਪਰਾਲੀ ਨੂੰ ਅੱਗ ਲਾਉਂਦਾ ਹੈ ਤਾਂ ਉਹਨਾਂ ਵਿਰੁੱਧ ਹਦਾਇਤਾਂ ਮੁਤਾਬਿਕ ਕਾਨੂੰਨੀ ਕਾਰਵਾਈ ਕੀਤੀ ਜਾਵੇ ।

# ਭਗਵਾਨ ਸ਼੍ਰੀ ਵਾਲਮੀਕਿ ਪ੍ਰਗਟ ਦਿਵਸ ਦੀਆਂ ਤਿਆਰੀਆਂ ਸਦਕਾ ਮੇਅਰ ਰਿੰਟੂ ਨੇ ਅਧਿਕਾਰੀਆਂ ਨਾਲ ਕੀਤੀ ਬੈਠਕ



**ਅੰਮ੍ਰਿਤਸਰ/ਜਸਬੀਰ ਸਿੰਘ ਟਿੰਕੂ**

ਭਗਵਾਨ ਸ੍ਰੀ ਵਾਲਮੀਕਿ ਪ੍ਰਗਟ ਦਿਵਸ ਦੇ ਸਬੰਧ ਵਿਚ ਨਗਰ ਨਿਗਮ, ਅੰਮ੍ਰਿਤਸਰ ਵੱਲੋਂ ਕੀਤੇ ਜਾਣ ਵਾਲੇ ਪ੍ਰਬੰਧਾ ਨੂੰ ਲੈਕੇ ਮੇਅਰ ਕਰਮਜੀਤ ਸਿੰਘ ਰਿੰਟੂ ਤੇ ਕਮਿਸ਼ਨਰ ਮਾਲਵਿੰਦਰ ਸਿੰਘ ਜੱਗੀ ਦੀ ਕੇਂਦਰੀ ਵਾਲਮੀਕਿ ਮੰਦਰ, ਹਾਥੀ ਗੇਟ ਦੇ ਅਹੁੱਦੇਦਾਰਾਂ ਨਾਲ ਮੀਟਿੰਗ ਹੋਈ ਜਿਸ ਵਿਚ ਡਿਪਟੀ ਮੇਅਰ ਯੂਨਸ ਕੁਮਾਰ, ਕੇਂਦਰੀ ਵਾਲਮੀਕਿ ਮੰਦਰ, ਹਾਥੀ ਗੇਟ ਦੇ ਚੇਅਰਮੈਨ ਯੋਗਰਾਜ ਮਲਹੋਤਰਾ, ਅਸ਼ੋਕ ਭੱਟੀ, ਤਿਰਲੋਕ ਚੰਦ, ਅਤੇ ਰਜਿੰਦਰ ਕੁਮਾਰ ਨੀਟੂ ਤੋਂ ਇਲਾਵਾ ਨਗਰ ਨਿਗਮ, ਅੰਮ੍ਰਿਤਸਰ ਦੇ ਸਿਵਲ, ਓ.ਐਂਡ ਐਮ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਸ਼ਾਮਿਲ ਸਨ। ਇਸ ਮੀਟਿੰਗ ਵਿਚ ਮੰਦਰ ਕਮੇਟੀ ਨੇ ਮੇਅਰ ਰਿੰਟੂ ਨੂੰ ਦੱਸਿਆ ਕਿ ਅਗਾਮੀ ਦਿਨਾਂ ਦੇ ਵਿਚ ਭਗਵਾਨ ਸ਼੍ਰੀ ਵਾਲਮੀਕਿ ਜੀ ਦਾ ਪ੍ਰਗਟ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ ਜਿਸ ਸਬੰਧ ਵਿਚ ਇਕ ਸ਼ੋਭਾ ਯਾਤਰਾ ਸ਼ਹਿਰ ਦੇ ਵੱਖ-ਵੱਖ ਹਿੱਸਿਆ ਵਿਚੋਂ ਲੰਘਣੀ ਹੈ।

ਉਹਨਾ ਕਿਹਾ ਕਿ ਸ਼ਹਿਰ ਦੀਆਂ ਕਈ ਸੜ੍ਹਕਾ ਦੀ ਮੁਰੰਮਤ, ਸਾਫ਼-ਸਫਾਈ, ਚੌਂਕਾਂ ਵਿਚ ਸਟਰੀਟ ਲਾਈਟ ਅਤੇ ਮਿੰਨੀ ਹਾਈਮਾਸਟ ਆਦਿ ਦੇ ਢੁੱਕਵੇਂ ਇੰਤਜਾਮ ਦੀ ਲੋੜ ਹੈ।

ਇਸ ਮੌਕੇ ਤੇ ਮੇਅਰ ਰਿੰਟੂ ਅਤੇ ਕਮਿਸ਼ਨਰ ਨੇ ਕੇਂਦਰੀ ਵਾਲਮੀਕਿ ਮੰਦਰ ਦੇ ਅਹੁੱਦੇਦਾਰਾਂ ਨੂੰ ਵਿਸ਼ਵਾਸ ਦੁਆਇਆ ਕਿ ਸ਼ਹਿਰ ਦੀਆਂ ਸੜਕਾਂ ਤੇ ਕੋਈ ਟੋਇਆ ਨਜ਼ਰ ਨਹੀ ਆਵੇਗਾ। ਸਾਰੇ ਸ਼ਹਿਰ ਦੀਆਂ ਸਟਰੀਟ ਲਾਈਟਾਂ ਜਗਮਗ ਕਰਨਗੀਆ ਅਤੇ ਸਫਾਈ ਵੱਲੋਂ ਵੀ ਕੋਈ ਸਮੱਸਿਆ ਨਹੀਂ ਆਵੇਗੀ। ਉਹਨਾਂ ਨੇ ਕਿਹਾ ਕਿ ਅਗਰ ਕਿਤੇ ਕੋਈ ਸਮੱਸਿਆ ਆਉਂਦੀ ਹੈ ਤਾਂ ਉਹਨਾਂ ਦੇ ਨਾਲ ਸੰਪਰਕ ਕੀਤਾ ਜਾਵੇ ਅਤੇ ਉਹਨਾਂ ਨੇ ਇਸ ਨੂੰ ਲੈਕੇ ਅਧਿਕਾਰੀਆਂ ਨੂੰ ਵੀ ਸਖਤ ਹਦਾਇਤਾਂ ਜਾਰੀ ਕੀਤੀਆਂ ਕਿ ਕੰਮ ਨੂੰ ਲੈਕੇ ਕਿਸੇ ਤਰ੍ਹਾਂ ਦੀ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਂਹਨਾਂ ਨੇ ਕਿਹਾ ਕਿ ਤਿਉਹਾਰਾਂ ਨੂੰ ਲੈਕੇ ਟੀਮਾਂ ਬਣਾਈਆਂ ਜਾਣ ਅਤੇ ਮੰਦਰ, ਗੁਰੂਦੁਆਰੇ ਅਤੇ ਮਸਜਿਦਾਂ ਦੇ ਕੋਲ ਸਾਫ-ਸਫਾਈ ਅਤੇ ਸਟਰੀਟ ਲਾਈਟ ਦੀ ਸ਼ਿਕਾਇਤ ਨੂੰ ਖਾਸ ਤੌਰ ਤੇ ਚੈੱਕ ਕੀਤਾ ਜਾਵੇ ਤਾਂ ਜੋ ਤਿਊਹਾਰ ਵਾਲੇ ਦਿਨ ਕੋਈ ਮਸਕਿਲ ਨਾ ਆਵੇ।

ਇਸ ਮੌਕੇ ਤੇ ਨਿਗਰਾਨ ਇੰਜੀ. ਦੁਪਿੰਦਰ ਸੰਧੂ, ਸੰਦੀਪ ਸਿੰਘ, ਐਕਸੀਅਨ ਐਸ.ਐਸ.ਮੱਲ੍ਹੀ, ਭਲਿੰਦਰ ਸਿੰਘ, ਅਸ਼ਵਨੀ ਕੁਮਾਰ, ਬਲਜੀਤ ਸਿੰਘ, ਸਮੂਹ ਚੀਫ਼ ਸੈਨੇਟਰੀ ਇੰਸਪੈਕਟਰ ਅਤੇ ਸੈਨੇਟਰੀ ਇੰਸਪੈਕਟਰ ਆਦਿ ਮੌਜੂਦ ਸਨ।

# ਖਡੂਰ ਸਾਹਿਬ ਵਿਖੇ ਔਲਖ ਦੀ ਅਗਵਾਈ ਵਿੱਚ ਮੋਦੀ ਤੇ ਯੂਪੀ ਦੇ ਯੋਗੀ ਸਰਕਾਰ ਦਾ ਪੁਤਲਾ ਫੂਕ ਮੁਜਾਹਰਾ ਕੀਤਾ ਗਿਆ

**ਤਰਨਤਾਰਨ/ਦਿਲਬਾਗ ਸਿੰਘ**

ਯੂਪੀ ਦੇ ਲਖੀਮਪੁਰ ਖੀਰੀ ਵਿਖੇ ਬੀਜੇਪੀ ਸਰਕਾਰ ਵੱਲੋਂ ਕੀਤੇ ਨਾਰ ਸਿੰਗਾਰ ਤੇ ਆਮ ਆਦਮੀ ਪਾਰਟੀ ਦੇ ਹਲਕਾ ਖਡੂਰ ਸਾਹਿਬ ਵਿਖੇ ਮੋਦੀ ਤੇ ਯੋਗੀ ਦਾ ਪੁਤਲਾ ਫੂਕ ਮੁਜਾਹਰਾ ਕੀਤਾ ਗਿਆ ਸਿਰੀਰਾਗੁ ਇਸ ਮੌਕੇ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਰਸੇਵਕ ਸਿੰਘ ਔਲਖ ਬਲਜੀਤ ਸਿੰਘ ਸਰਪੰਚ ਸੇਰ ਸਿੰਘ ਗਿੱਲ ਤੇ ਹਰਪ੍ਰੀਤ ਸਿੰਘ ਧੁੰਨਾ ਨੇ ਕਿਹਾ ਯੋਗੀ ਸਰਕਾਰ ਦਾ ਇਹ ਅਪਰਾਧ ਇਹ ਸਰਕਾਰ ਲਈ ਯੂਪੀ ਵਿੱਚ ਤੱਬੂਤ ਦਾ ਆਖਰੀ ਕਿੱਲ ਸਾਬਤ ਹੋਵੇਗਾ। ਕਿਉਂਕਿ ਬੀਜੇਪੀ ਸਰਕਾਰ ਨੇ ਪਿਛਲੇ ਇਕ ਸਾਲ ਤੋਂ ਕਿਸਾਨ ਸੰਘਰਸ ਨੂੰ ਬਹੁਤ ਨੁਕਸਾਨ ਪੁਚਾਇਆ ਹੈ ਕਿਸਾਨ ਜਥੇਬੰਦੀਆਂ ਦੇ ਸੈਂਕੜੇ ਸਾਥੀ ਨੇ ਇਸ ਸੰਘਰਸ ਦੌਰਾਨ ਮ੍ਰਿਤਕ ਦੇ ਰੂਪ ਵਿੱਚ ਆਪਣੇ ਘਰਾਂ ਵਿਚ ਪਹੁੰਚੇ ਹਨ ਪਰ ਅੱਜ ਉਹੀ ਸਰਕਾਰ ਨੇ ਦੇ ਗ੍ਰਹਿ ਮੰਤਰੀ ਤੇ ਉਸ ਦੇ ਲੜਕੇ ਅਮਿਤ ਮਿਸਰਾ ਨੇ ਜੋ ਗੁੰਡਾਗਰਦੀ ਕੀਤੀ ਹੈ ਉਹ ਤੇ ਯੂਪੀ ਸਰਕਾਰ ਚੁੱਪ ਕਿਉਂ ਹੈ ਹੁਣ ਤੱਕ ਤਾਂ ਯੂ ਪੀ ਦੇ ਮੁੱਖ ਮੰਤਰੀ ਯੁਗੀ ਅਦਿੱਤਨਾਥ ਨੂੰ ਇਨ੍ਹਾਂ ਤੇ ਕਾਰਵਾਈ ਕਰਦੇ ਹੋਏ ਮੰਤਰੀ ਪਦ ਤੋਂ ਬਰਖਾਸਤ ਕਰਨਾ ਚਾਹੀਦਾ ਸੀ ਉਸਦੇ ਲੜਕੇ ਤੇ ਬਣਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ ਏਸ ਨਰਸੰਹਾਰ ਵਿਚ ਸਹੀਦ ਹੋਏ ਕਿਸਾਨ ਪਰਿਵਾਰਾਂ ਨੂੰ ਵੱਧ ਤੋਂ ਵੱਧ ਮੁਆਵਜਾ ਤੇ ਪਰਿਵਾਰ ਦੇ ਜੀਆਂ ਨੂੰ ਨੌਕਰੀਆਂ ਦੇ ਕੇ ਪਰਵਾਰਾਂ ਦਾ ਦੁੱਖ ਕੁਝ ਘੱਟ ਕਰਨਾ ਚਾਹੀਦਾ ਹੈ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਯੋਗੀ ਤੇ ਮੋਦੀ ਸਰਕਾਰ ਦੀ ਇਸ ਘਟਨਾ ਤੇ ਨਿਸਾਨਾ ਸਾਧਦੇ ਹੋਏ ਮੋਦੀ ਤੇ ਜੋਗੀ ਸਰਕਾਰ ਨੂੰ ਤਾੜਨਾ ਕੀਤੀ ਹੈ ਕਿ ਜਦੋਂ ਤੱਕ ਇਹ ਇਸ ਮਸਲੇ ਤੇ ਸਰਕਾਰਾਂ ਠੋਸ ਕਾਰਵਾਈ ਨਹੀਂ ਕਰਦੀਆਂ ਅਸੀਂ ਕਿਸਾਨ ਪਰਿਵਾਰਾਂ ਅਤੇ ਕਿਸਾਨ ਜਥੇਬੰਦੀਆਂ ਨਾਲ ਹਮੇਸਾ ਚਟਾਨ ਵਾਂਗ ਖੜੇ ਰਹਾਂਗੇ ਇਸ ਮੌਕੇ ਤੇ ਰਣਜੀਤ ਪਵਾਰ ਬਲਾਕ ਪ੍ਰਧਾਨ, ਤਰਸੇਮ ਸਿੰਘ ਕੋਹਾੜਕਾ, ਅਵਤਾਰ ਸਿੰਘ ਚਾਹਲ, ਹਰਜਿੰਦਰ ਸਿੰਘ ਹਰਜਿੰਦਰਪਾਲ ਸਿੰਘ ਹਰਪ੍ਰੀਤ ਸਿੰਘ ਖਾਂਨ ਛਾਬੜੀ, ਰਾਜਾ ਫਤਿਹਆਂਬਾਦ ਕੁਲਵੰਤ ਸਿੰਘ ਫੋਜੀ ਸੇਰ ਸਿੰਘ ਗਿੱਲ ਲਵਲੀ ਦੁਲਚੀਪੁਰ ਕੇਵਲ ਸਿੰਘ ਬਲਜੀਤ ਸਿੰਘ ਰਾਧ ਜਰਨੈਲ ਸਿੰਘ ਸਤਵੰਤ ਸਿੰਘ ਤੇ ਸਖਵਿੰਦਰ ਸਿੰਘ ਭਲਵਾਨ ਬਚਿੱਤਰ ਸਿੰਘ ਅਰਵਿੰਦਰ ਸਿੰਘ ਗਰਵਿੰਦਰ ਸਿੰਘ ਸੁਖਰਾਜ ਸਿੰਘ ਗੁਰਲਾਲ ਸਿੰਘ ਇਨ੍ਹਾਂ ਤੋਂ ਇਲਾਵਾ ਹੋਰ ਵੀ ਆਮ ਆਦਮੀ ਪਾਰਟੀ ਦੇ ਜੁਝਾਰੂ ਸਾਥੀ ਸੈਂਕੜਿਆਂ ਦੀ ਤਾਦਾਦ ਵਿੱਚ ਮੌਜੂਦ ਸਨ।



# ਕਿਸਾਨੀ ਅੰਦੋਲਨ ਨੂੰ ਦਬਾਉਣ ਦੀ ਗਹਿਰੀ ਸ਼ਾਜਿਸ ਦਾ ਹਿੱਸਾ : ਜੀਵਨ ਜੋਤ ਕੌਰ






**ਅੰਮ੍ਰਿਤਸਰ/ਜਸਬੀਰ ਸਿੰਘ ਟਿੰਕੂ**

ਲਖੀਮਪੁਰ ਖੀਰੀ ਵਿਖੇ ਹੋਏ ਦਰਦਨਾਕ ਹਾਦਸੇ ਪਿੱਛੇ ਭਾਜਪਾ ਦੇ ਗੁੰਡਿਆਂ ਦਾ ਹੱਥ ਹੈ ਅਤੇ ਕਿਸਾਨੀ ਅੰਦੋਲਨ ਨੂੰ ਦਬਾਉਣ ਦੀ ਗਹਿਰੀ ਸ਼ਾਜਿਸ ਦਾ ਹਿੱਸਾ ਹੈ ਅਤੇ ਆਮ ਆਦਮੀ ਪਾਰਟੀ ਇਸ ਘਟਨਾ ਦੀ ਨਿਖੇਧੀ ਕਰਦੀ ਹੈ ਅਤੇ ਕੜੇ ਸ਼ਬਦਾਂ ਵਿੱਚ ਇਸ ਦੀ ਨਿੰਦਾ ਕਰਦੀ ਹੈ ਹਲਕਿਆਂ ਵਿੱਚ ਵਿਰੋਧ ਸਵਰੂਪ ਯੋਗੀ ਅਤੇ ਮੋਦੀ ਦੇ ਪੁਤਲੇ ਫੂਕੇ ਗਏ, ਅਤੇ ਯੋਗੀ ਅਤੇ ਮੋਦੀ ਦਾ ਰੱਜ ਕੇ ਜਲੂਸ ਕਢਿਆ ਗਿਆ,ਇਸ ਮੌਕੇ ਜਿਲ੍ਹਾ ਪ੍ਰਧਾਨ ਮੈਡਮ ਜੀਵਨ ਜੋਤ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਅਪਣੇ ਹੱਕਾਂ ਲਈ ਸ਼ਾਂਤਮਈ ਧਰਨਾ ਦੇ ਰਹੇ ਕਿਸਾਨਾਂ ਉੱਪਰ ਇਸ ਤਰਾਂ ਦੇ ਕਾਤਲਾਨਾ ਹਮਲੇ ਕਦੇ ਵੀ ਬਰਦਾਸ਼ਤ ਨਹੀਂ ਕੀਤੇ ਜਾਣਗੇ।ਆਮ ਆਦਮੀ ਪਾਰਟੀ ਇਹ ਮੰਗ ਕਰਦੀ ਹੈ ਕਿ ਇਸ ਘਟਨਾ ਲਈ ਜਿੰਮੇਵਾਰ ਕੇਂਦਰੀ ਰਾਜ ਮੰਤਰੀ ਅਜੈ ਮਿਸ਼ਰਾ ਅਤੇ ਉਸ ਦੇ ਪੁੱਤਰ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਅਤੇ ਇਸ ਦੰਗਈ ਮੰਤਰੀ ਅਜੈ ਮਿਸ਼ਰਾ ਨੂੰ ਫੌਰੀ ਤੌਰ ਤੇ ਮੰਤਰੀ ਪਦ ਤੋਂ ਹਟਾਇਆ ਜਾਵੇ।

ਦਿਹਾਤੀ ਪ੍ਰਧਾਨ ਹਰਵੰਤ ਸਿੰਘ ਉਮਰਾਨੰਗਲ ਅਤੇ ਦਿਹਾਤੀ ਕੋ ਪ੍ਰਧਾਨ ਸੀਮਾ ਸੋਢੀ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਆਮ ਆਦਮੀ ਪਾਰਟੀ ਪੂਰੀ ਤਰਾਂ ਨਾਲ ਕਿਸਾਨਾਂ ਦੇ ਨਾਲ ਹੈ ਅਤੇ ਭਵਿੱਖ ਵਿੱਚ ਵੀ ਕਿਸਾਨਾਂ ਦੇ ਨਾਲ ਚੱਟਾਨ ਵਾਂਗ ਖੜੀ ਰਹੇਗੀ।ਭਾਜਪਾ ਦਾ ਤਾਨਾਸ਼ਾਹੀ ਰਵੱਈਆ ਦੇਸ਼ ਲਈ ਖਤਰਨਾਕ ਹੈ ਅਤੇ ਅਸੀਂ ਇਸ ਰਵੱਈਏ ਦਾ ਸਖਤ ਵਿਰੋਧ ਕਰਦੇ ਹਾਂ।ਨਰਿੰਦਰ ਮੋਦੀ ਨੂੰ ਕਿਸਾਨਾਂ ਦੀਆਂ ਮੰਗਾਂ ਵੱਲ ਨਿਆਨ ਦੇਣਾ ਚਾਹੀਦਾ ਹੈ ਅਤੇ ਕਾਲੇ ਕਾਨੂੰਨ ਤੁਰੰਤ ਰੱਦ ਕਰਨੇ ਚਾਹੀਦੇ ਹਨ।ਜਿਲ੍ਹਾ ਸਕੱਤਰ ਪ੍ਰਭਬੀਰ ਸਿੰਘ ਬਰਾੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਮੰਗ ਕਰਦੀ ਹੈ ਕਿ ਭਾਜਪਾ ਦੇ ਮੰਤਰੀ ਦੇ ਪੁੱਤਰ ਦੇ ਖ਼ਿਲਾਫ਼ ਹੱਤਿਆ ਦਾ ਮੁਕੱਦਮਾ ਦਰਜ ਕਰਕੇ ਉਸ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਉਹਨਾਂ ਕਿਹਾ ਜਿੰਨੀ ਦੇਰ ਤਕ ਇਸ ਕੇਸ ਦਾ ਫੈਸਲਾ ਨਹੀਂ ਹੋ ਜਾਂਦਾ ਓਨੀ ਦੇਰ ਤੱਕ ਮੰਤਰੀ ਨੂੰ ਉਸ ਦੇ ਪਦ ਤੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ ਕਿਉਂ ਜੋ ਕੇਂਦਰੀ ਗ੍ਰਹਿ ਰਾਜ ਮੰਤਰੀ ਹੋਣ ਦੇ ਨਾਤੇ ਉਹ ਜਾਂਚ ਏਜੰਸੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਨਰਿੰਦਰ ਮੋਦੀ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਕਿਸਾਨ ਇਨ੍ਹਾਂ ਕਾਨੂੰਨਾਂ ਦੇ ਖ਼ਿਲਾਫ਼ ਹਨ ਜਿਸ ਕਾਰਨ ਉਹ ਆਪਣੀ ਜਾਨ ਦੀ ਬਾਜ਼ੀ ਵੀ ਲਗਾ ਰਹੇ ਹਨ ਇਸ ਲਈ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਵਿੱਚ ਇਹ ਕਾਲੇ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ।

## ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ 1200 ਕਸਟਮਰ ਹਾਇਰਿੰਗ ਸੈਂਟਰਾਂ 'ਤੇ ਮਸ਼ੀਨਰੀ ਦੀ ਉਪਲਬਧਾ ਚੈੱਕ ਕਰਨ ਲਈ ਆਈ-ਖੇਤ ਮਸ਼ੀਨ ਐਪ ਡਾਊਨਲੋਡ ਕਰਨ ਲਈ ਕਿਹਾ

### ਕਿਹਾ-ਛੋਟੇ ਤੇ ਸੀਮਾਂਤ ਕਿਸਾਨ ਮੁਫਤ ਵਿੱਚ ਲੈ ਸਕਦੇ ਹਨ ਸੰਦਾਂ ਦਾ ਲਾਭ



**ਨਕੋਦਰ/ਜਲੰਧਰ/ਜਸਬੀਰ ਸਿੰਘ ਬਿੱਟੂ**

ਫਸਲ ਦੀ ਰਹਿੰਦ-ਖੂਹੰਦ ਦੇ ਸੁਚੱਜੇ ਪ੍ਰਬੰਧਨ ਵਿੱਚ ਕਿਸਾਨਾਂ ਦੀ ਸਹਾਇਤਾ ਲਈ ਆਈ-ਖੇਤ ਮਸੀਨ ਐਪ ਦੀ ਸ਼ੁਰੂਆਤ ਨੂੰ ਇਨਕਲਾਬੀ ਕਦਮ ਕਰਾਰ ਦਿੰਦਿਆਂ ਡਿਪਟੀ ਕਮਿਸਨਰ ਸ਼੍ਰੀ ਘਨਸ਼ਾਂ ?ਆਮ ਥੋਰੀ ਨੇ ਕਿਸਾਨਾਂ ਨੂੰ ਇਸ ਐਪ ਨੂੰ ਵੱਡੀ ਗਿਣਤੀ ਵਿੱਚ ਡਾਊਨਲੋਡ ਕਰਨ ਦੀ ਅਪੀਲ ਕੀਤੀ ਤਾਂ ਜੋ ਉਹ ਆਪਣੇ ਨਜ਼ਦੀਕੀ ਸਥਾਨ 'ਤੇ ਪਰਾਲੀ ਪ੍ਰਬੰਧਨ ਮਸੀਨਰੀ ਦੀ ਉਪਲਬਧਤਾ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ। ਬੀੜ ਪਿੰਡ ਵਿੱਚ ਇੱਕ ਜਾਗਰੂਕਤਾ ਕੈਂਪ ਦੌਰਾਨ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਐਪਲੀਕੇਸ਼ਨ 'ਤੇ ਕਿਸਾਨ ਸਮੂਹਾਂ ਅਤੇ ਸਹਿਕਾਰੀ ਸਭਾਵਾਂ ਸਮੇਤ 1200 ਕਸਟਮਰ ਹਾਇਰਿੰਗ ਸੈਂਟਰਾਂ ਵਿੱਚ ਮਸੀਨਰੀ ਦੀ ਉਪਲਬਧਤਾ ਬਾਰੇ ਜਾਣਕਾਰੀ ਆਨਲਾਈਨ ਕੀਤੀ ਗਈ ਹੈ, ਜੋ ਕਿ ਕਿਸਾਨ ਇਸ ਐਪ ਰਾਹੀਂ ਪ੍ਰਾਪਤ ਕਰ ਸਕਦੇ ਹਨ ਤਾਂ ਜੋ ਉਨ੍ਹਾਂ ਨੂੰ ਇਨ੍ਹਾਂ ਮਸੀਨਾਂ ਦੀ ਖਰੀਦ ਕਰਨ ਵਿੱਚ ਕੋਈ ਮੁਸਕਲ ਨਾ ਆਵੇ। ਇਸ ਤੋਂ ਇਲਾਵਾ ਕਿਸਾਨ ਆਪਣੇ ਸਥਾਨ ਦੇ ਪੰਜ, ਦਸ ਅਤੇ ਪੰਦਰਾਂ ਕਿਲੋਮੀਟਰ ਦੇ ਘੇਰੇ ਵਿੱਚ ਉਪਲਬਧ ਮਸੀਨਾਂ ਦੀ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹਨ।

ਸ਼੍ਰੀ ਥੋਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਦੇ ਆਦੇਸਾਂ ਅਨੁਸਾਰ ਇਨ੍ਹਾਂ ਕਸਟਮਰ ਹਾਇਰਿੰਗ ਸੈਂਟਰਾਂ ਵੱਲੋਂ ਫਸਲਾਂ ਦੀ ਰਹਿੰਦ-ਖੂਹੰਦ ਦੇ ਪ੍ਰਬੰਧਨ ਨਾਲ ਸਬੰਧਤ ਮਸੀਨਾਂ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਮੁਫਤ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਸਪੱਸਟ ਕਿਹਾ ਕਿ ਕਸਟਮਰ ਹਾਇਰਿੰਗ ਸੈਂਟਰਾਂ ਨੂੰ ਅਜਿਹੇ ਕਿਸਾਨਾਂ ਤੋਂ ਕਿਰਾਇਆ ਨਾ ਲੈਣ ਦੇ ਨਿਰਦੇਸ ਦਿੱਤੇ ਗਏ ਹਨ, ਉਨ੍ਹਾਂ ਤੋਂ ਸਿਰਫ ਬਾਲਣ ਖਰਚੇ ਹੀ ਲਏ ਜਾਣਗੇ।

ਡਿਪਟੀ ਕਮਿਸ਼ਨਰ ਦੀ ਅਪੀਲ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਜਾਗਰੂਕਤਾ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਮੌਜੂਦ ਕਿਸਾਨਾਂ ਨੇ ਮੌਕੇ 'ਤੇ ਹੀ ਆਈ-ਖੇਤ ਮਸ਼ੀਨ ਐਪ ਡਾਊਨਲੋਡ ਕੀਤੀ ਅਤੇ ਪ੍ਰਸਾਸਨ ਨੂੰ ਵਾਤਾਵਰਣ ਦੀ ਸੁਰੱਖਿਆ ਲਈ ਪਰਾਲੀ ਪ੍ਰਬੰਧਨ ਦੇ ਉਪਾਅ ਅਪਨਾਉਣ ਦਾ ਭਰੋਸਾ ਦਿਵਾਇਆ। ਇਸ ਐਪ ਨੂੰ ਗੂਗਲ ਪਲੇਅ ਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

## ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਫੂਕਿਆ ਗਿਆ

**ਮੋਗਾ, ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਹਲਕਾ ਧਰਮਕੋਟ ਦੇ ਵਿਧਾਇਕ ਸ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਜੀ ਦੇ ਦਿਸ਼ਾ ਨਿਰਦੇਸਾ ਹੇਠ ਕੋਟ ਈਸੇ ਖਾ ਵਿਖੇ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਫੂਕਿਆ ਗਿਆ।ਲਖੀਮਪੁਰ ਖੀਰੀ ਕਿਸਾਨਾਂ ਤੇ ਹੋਏ ਅੱਤਿਆਚਾਰ ਦੀ ਨਿੰਦਾ ਕੀਤੀ ਅਤੇ ਇਸ ਮੌਕੇ ਚੇਅਰਮੈਨ ਪਿਤ੍ਰਪਾਲ ਸਿੰਘ ਚੀਮਾ ਸ੍ਰੀ ਸੁਧੀਰ ਕੁਮਾਰ ਜੀ ਗੋਇਲ ਚੇਅਰਮੈਨ ਮਾਰਕੀਟ ਕਮੇਟੀ ਧਰਮਕੋਟ ਸੋਹਣਾ ਖੇਲਾ ਜਲਾਲਾਬਾਦ ਸ ਸੁਖਜੀਤ ਸਿੰਘ ਕਾਕਾ ਲ਼ੋਹਗੜ ਜੀ"



ਸ਼ਿਵਾਜ ਸਿੰਘ ਭੋਲਾ ਮਸਤੇਵਾਲਾ ਚੇਅਰਮੈਨ ਮਾਰਕੀਟ ਕਮੇਟੀ ਦਲਜੀਤ ਸਿੰਘ ਬਲਾਕ ਸੰਮਤੀ ਮੈਂਬਰ ਪਰਮਿੰਦਰ ਸਿੰਘ ਸਰਪੰਚ ਜਨੇਰ ਕੁਲਦੀਪ ਸਿੰਘ ਪ੍ਰਧਾਨ ਨਗਰ ਪੰਚਾਇਤ ਕੋਟ ਈਸੇ ਖਾਂ ਮੋਹਨ ਸਿੰਘ ਸਰਪੰਚ ਭਿੰਡਰ ਕਲਾਂ ਰਛਪਾਲ ਸਿੰਘ ਦਾਤੇਵਾਲ ਪ੍ਰਧਾਨ ਯੂਥ ਕਾਂਗਰਸ ਰੇਸ਼ਮ ਸਿੰਘ ਸਰਪੰਚ ਅਮੀਵਾਲਾ ਗੁਰਮੀਤ ਸਿੰਘ ਸਰਪੰਚ ਕੋਟ ਸਦਰ ਖਾਂ ਦਰਸ਼ਨ ਸਿੰਘ ਸਰਪੰਚ ਉਮਰੀਆਣਾ ਅਮਰਦੀਪ ਸਿੰਘ ਢਿੱਲੋਂ ਸਰਪੰਚ ਤੋਤਾ ਸਿੰਘ ਵਾਲਾ ਲਖਵੀਰ ਸਿੰਘ ਸਰਪੰਚ ਸਿੰਘਪੁਰਾ ਮੁੰਨਣ ਗੁਰਮੀਤ ਸਿੰਘ ਸਰਪੰਚ ਕੋਟ ਸਦਰ ਖਾਂ ਇੰਦਰਜੀਤ ਸਿੰਘ ਮਸੀਤਾਂ ਕੁਲਦੀਪ ਸਿੰਘ ਚੁੱਘਾ ਕਲਾਂ ਲਵਦੀਪ ਸਿੰਘ ਸਰਪੰਚ ਚੁੱਘਾ ਖੁਰਦ ਨਰਿੰਦਰ ਸਰਪੰਚ ਜਾਫਰ ਵਾਲਾ ਅਵਤਾਰ ਸਿੰਘ ਜਨੇਰ ਸਿਮਰਜੀਤ ਸਿੰਘ ਸਨੀ ਦਾਤੇਵਾਲ ਠਾਣਾ ਸਿੰਘ ਖੋਸਾ ਕੋਟਲਾ ਪਰਗਟ ਸਿੰਘ ਮੌਜੇਵਾਲਾ ਮਨਪ੍ਰੀਤ ਸਿੰਘ ਮੈਂਬਰ ਖੋਸਾ ਕੋਟਲਾ ਪਾਲਾ ਚਿਰਾਗ ਸ਼ਾਹ ਵਾਲਾ ਗੁਰਜੰਟ ਮੈਂਬਰ ਖੋਸਾ ਰਣਧੀਰ ਭੂਰਾ ਸਰਪੰਚ ਖੋਸਾ ਰਣਧੀਰ ਅਤੇ ਹੋਰ ਦਰਜਾ ਬ ਦਰਜਾ ਕਾਂਗਰਸੀ ਆਗੂ ਹਾਜ਼ਰ ਸਨ।

## ਸਟੇਟ ਬੈਂਕ ਆਫ਼ ਇੰਡੀਆ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਪਾਲਕੀ ਸਾਹਿਬ ਵਾਲੀ ਬੱਸ ਭੇਟ

### ਸ਼੍ਰੋਮਣੀ ਕਮੇਟੀ ਵੱਲੋਂ ਸੂਚਨਾ ਕੇਂਦਰ ਵਿਖੇ ਬੈਂਕ ਅਧਿਕਾਰੀਆਂ ਨੂੰ ਕੀਤਾ ਗਿਆ ਸਨਮਾਨਿਤ

**ਅੰਮ੍ਰਿਤਸਰ/ਜਸਬੀਰ ਸਿੰਘ ਟਿੰਕੂ**

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੀਤੇ ਕੱਲ੍ਹ ਸਟੇਟ ਬੈਂਕ ਆਫ ਇੰਡੀਆ ਵੱਲੋਂ ਪਾਲਕੀ ਸਾਹਿਬ ਵਾਲੀ ਬੱਸ ਭੇਟ ਕੀਤੀ ਗਈ, ਜਿਸ ਦੀਆਂ ਚਾਬੀਆਂ ਬੈਂਕ ਅਧਿਕਾਰੀਆਂ ਪਾਸੋਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਸੁਰਜੀਤ ਸਿੰਘ ਭਿੱਟੇਵਡ, ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ ਨੇ ਪ੍ਰਾਪਤ ਕੀਤੀਆਂ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ.ਸੁਰਜੀਤ ਸਿੰਘ ਭਿੱਟੇਵੱਡ ਤੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮਾਨਵਤਾ ਲਈ ਅਥਾਹ ਸ਼ਰਧਾ ਦਾ ਪ੍ਰਤੀਕ ਹੈ ਅਤੇ ਗੁਰੂ ਘਰ ਦੇ ਸ਼ਰਧਾਲੂ ਇਥੇ ਭੇਟਾਵਾਂ ਲੈ ਕੇ ਪੁੱਜਦੇ ਹਨ।ਉਨ੍ਹਾਂ ਕਿਹਾ ਕਿ ਸਟੇਟ ਬੈਂਕ ਆਫ਼ ਇੰਡੀਆ ਵੱਲੋਂ ਵੀ ਇਸੇ ਤਹਿਤ ਹੀ ਸ਼ਰਧਾ ਪ੍ਰਗਟ ਕਰਦਿਆਂ ਪਾਲਕੀ ਸਾਹਿਬ ਵਾਲੀ ਬੱਸ ਭੇਟ ਕੀਤੀ ਗਈ ਹੈ।ਇਸੇ ਦੌਰਾਨ ਚੇਅਰਮੈਨ ਸ੍ਰੀ ਦਿਨੇਸ਼ ਕੁਮਾਰ ਨੇ ਕਿਹਾ ਕਿ ਸਾਡਾ ਲੰਮੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵਿਸ਼ਵਾਸ ਭਰਿਆ ਤਾਲਮੇਲ ਹੈ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਅਸ਼ੀਰਵਾਦ ਨਾਲ ਸਟੇਟ ਬੈਂਕ ਆਫ ਇੰਡੀਆ ਲਗਾਤਾਰ ਤਰੱਕੀ ਕਰ ਰਿਹਾ ਹੈ।

ਇਸ ਮੌਕੇ ਪੁੱਜੇ ਬੈਂਕ ਦੇ ਚੇਅਰਮੈਨ ਸ੍ਰੀ ਦਿਨੇਸ਼ ਕੁਮਾਰ ਖਾਰਾ, ਐਮਡੀ ਸ੍ਰੀ ਅਸ਼ਵਨੀ ਭਾਟੀਆ, ਸੀਜੀਐਮ ਸ੍ਰੀ ਅਨੁਕੂਲ ਭਟਨਾਗਰ, ਮੈਨੇਜਰ ਸ. ਨਰਿੰਦਰ ਸਿੰਘ ਅਤੇ ਨਾਲ ਆਏ ਅਧਿਕਾਰੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਸੁਰਜੀਤ ਸਿੰਘ ਭਿੱਟੇਵਡ, ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ ਨੇ ਸਿਰੋਪਾਓ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਓਐਸਡੀ ਸ. ਸਤਬੀਰ ਸਿੰਘ ਧਾਮੀ, ਸੂਚਨਾ ਅਧਿਕਾਰੀ ਸ. ਜਸਵਿੰਦਰ ਸਿੰਘ ਜੱਸੀ, ਇੰਚਾਰਜ ਸ. ਨਿਰਮਲ ਸਿੰਘ ਆਦਿ ਮੌਜੂਦ ਸਨ।






## ਟਰੈਵਲ ਏਜੰਟਾਂ ਵਿਰੁੱਧ ਹੁਣ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਦਰਜ ਕਰਵਾਈ ਜਾ ਸਕਦੀ ਹੈ ਸ਼ਿਕਾਇਤ

**ਜਲੰਧਰ/ਜਸਬੀਰ ਸਿੰਘ ਬਿੱਟੂ**

- ਬਿਊਰੋ ਵੱਲੋਂ ਇੱਕ ਹਫਤੇ ਦੇ ਅੰਦਰ ਕੀਤੀ ਜਾਵੇਗੀ ਸ਼ਿਕਾਇਤ ਦੀ ਵੈਰੀਫਿਕੇਸ਼ਨ
- ਐਫ.ਆਈ.ਆਰ. ਦਰਜ ਹੋਣ ਤੋਂ ਤੁਰੰਤ ਬਾਅਦ ਜ਼ਿਲਾ ਪ੍ਰਸ਼ਾਸਨ ਦੀ ਵੈਬਸਾਈਟ 'ਤੇ ਪਾ ਦਿੱਤੀ ਜਾਵੇਗੀ ਟਰੈਵਲ ਏਜੰਟਾਂ ਦੀ ਸੂਚਨਾ

ਵਿਦੇਸ਼ ਯਾਤਰਾ, ਵਿਦੇਸਾਂ ਵਿੱਚ ਪੜ੍ਹਾਈ ਤੇ ਰੋਜ਼ਗਾਰ ਸਬੰਧੀ ਹੁੰਦੀ ਧੋਖਾਧੜੀ ਸਬੰਧੀ ਸ਼ਿਕਾਇਤਾਂ ਦਰਜ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਪੰਜਾਬ ਪ੍ਰਵੈਂਸਨ ਆਫ ਹਿਊਮਨ ਸਮੱਗਲਿੰਗ ਐਕਟ 2012/ਪੰਜਾਬ ਟਰੈਵਲ ਪ੍ਰੋਫੈਸਨਲ ਰੈਗੂਲੇਸਨ ਐਕਟ 2014 ਰਾਹੀਂ ਜ਼ਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਨੂੰ ਨੋਡਲ ਪੁਆਇੰਟ ਬਣਾਇਆ ਗਿਆ ਹੈ। ਇਹ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜਾਂ ?ਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ, ਜਲੰਧਰ ਦੇ ਡਿਪਟੀ ਡਾਇਰੈਕਟਰ ਜਸਵੰਤ ਰਾਏ ਨੇ ਦੱਸਿਆ ਕਿ ਬਿਊਰੋ ਵਿਖੇ ਰਜਿਸਟਰ ਅਤੇ ਅਣ-ਰਜਿਸਟਰਡ ਟਰੈਵਲ ਏਜੰਟਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਵਿਦੇਸ਼ ਯਾਤਰਾ ਨੂੰ ਲੈ ਕੇ ਧੋਖੇ ਦਾ ਸ਼ਿਕਾਰ ਹੋਇਆ ਕੋਈ ਵੀ ਵਿਅਕਤੀ ਆਪਣੀ ਲਿਖਤੀ ਸ਼ਿਕਾਇਤ ਨੋਡਲ ਪੁਆਇੰਟ ਜਾਂ ?ਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ, ਜਲੰਧਰ ਦੇ ਕਮਰਾ ਨੰ. 324, ਤੀਜੀ ਮੰਜ਼ਿਲ ਜ਼ਿਲਾ ਪ੍ਰਸਾਸਕੀ ਕੰਪਲੈਕਸ, ਲਾਡੋਵਾਲੀ ਰੋਡ, ਜਲੰਧਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਆਪਣੇ ਯੋਗ ਪਛਾਣ ਪੱਤਰ ਰਾਹੀਂ ਦਰਜ ਕਰਵਾ ਸਕਦਾ ਹੈ।

ਸ਼੍ਰੀ ਰਾਏ ਨੇ ਅੱਗੇ ਕਿਹਾ ਕਿ ਸ਼ਿਕਾਇਤ ਵਿੱਚ ਯੋਗ ਦਸਤਾਵੇਜ਼/ਸਹਿ-ਪੱਤਰ ਲਗਾਏ ਜਾਣ। ਉਨ੍ਹਾਂ ਕਿਹਾ ਕਿ ਨੋਡਲ ਪੁਆਇੰਟ ਜਾਂ ?ਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਸ਼ਿਕਾਇਤ ਦੀ ਵੈਰੀਫਿਕੇਸ਼ਨ ਇੱਕ ਹਫਤੇ ਦੇ ਅੰਦਰ ਕੀਤੀ ਜਾਵੇਗੀ ਅਤੇ ਜੇਕਰ ਬਿਊਰੋ ਦੇ ਧਿਆਨ ਵਿਚ ਕੋਈ ਟਰੈਵਲ ਏਜੰਟ ਬਿਨਾਂ ਲਾਇਸੈਂਸ ਜਾਂ ਮਿਆਦ ਪੁੱਗਾ ਚੁੱਕੇ ਜਾਂ ਅਣ-ਰਜਿਸਟਰਡ ਏਜੰਟ ਆਉਂਦੇ ਹਨ ਤਾਂ ਉਨ੍ਹਾਂ 'ਤੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਵਿਭਾਗ ਵੱਲੋਂ ਤੁਰਤ ਕਾਰਵਾਈ ਤਹਿਤ ਐਫ. ਆਈ. ਆਰ. ਦਰਜ ਹੋ ਸਕਦੀ ਹੈ।

ਉਨ੍ਹਾਂ ਕਿਹਾ ਕਿ ਐਫ. ਆਈ. ਆਰ. ਦਰਜ ਹੋਣ ਤੋਂ ਤੁਰੰਤ ਬਾਅਦ ਟਰੈਵਲ ਏਜੰਟਾਂ ਦੀ ਸੂਚਨਾ ਜ਼ਿਲ੍ਹਾ ਪ੍ਰਸ਼ਾਸਨ ਦੀ ਵੈਬਸਾਈਟ 'ਤੇ ਪਾ ਦਿੱਤੀ ਜਾਵੇਗੀ ਤਾਂ ਜੋ ਇਸ ਸਬੰਧੀ ਬਾਕੀਆਂ ਨੂੰ ਜਾਗਰੂਕ ਕੀਤਾ ਜਾ ਸਕੇ।

ਡਿਪਟੀ ਡਾਇਰੈਕਟਰ ਨੇ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਜਾਂ ?ਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ, ਜਲੰਧਰ ਵਿਖੇ ਕੈਰੀਅਰ ਕਾਊਂਸਲਰ ਸ਼੍ਰੀ ਜਸਵੀਰ ਸਿੰਘ ਦੇ ਮੋਬਾਇਲ ਨੰ. 89683 21674 'ਤੇ ਸੰਪਰਕ ਕੀਤਾ ਜਾ ਸਕਦਾ ਹੈ।

Website : www.lokbani.com, Email : lokbani08@gmail.com

# ਫੈਕਟਰੀ ਸੇਫਟੀ ਫਸਟ ਏਡ ਬਚਾਓ ਟ੍ਰੇਨਿੰਗ ਕਰਵਾਉਣਾ ਪ੍ਰਸ਼ੰਸਾਯੋਗ ਉਪਰਾਲੇ



**ਪਟਿਆਲਾ/ਜਗਦੀਸ ਰਾਈਕਾ**

ਫੈਕਟਰੀਆਂ ਅਤੇ ਵਰਕਰਾਂ ਦੀ ਸੁਰੱਖਿਆ ਸਿਹਤ ਤੰਦਰੁਸਤੀ ਬਚਾਓ ਨੂੰ ਮਹੱਤਤਾ ਦਿੰਦੇ ਹੋਏ ਮੈਨੇਜਮੈਂਟ ਵਲੋ ਪੰਜਾਬ ਸਟੇਟ ਇੰਡਸਟਰੀਅਲ ਸੇਫਟੀ ਕਾਉਸਲ ਅਤੇ ਡਾਇਰੈਕਟਰ ਆਫ ਫੈਕਟਰੀਜ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਫੈਕਟਰੀ ਵਿਖੇ ਆਵਾਜਾਈ, ਕੰਮ ਸਮੇਂ ਸੇਫਟੀ, ਫਸਟ ਏਡ, ਸੀਪੀਆਰ ਟ੍ਰੇਨਿੰਗ ਕਰਵਾਉਣ ਲਈ ਯਤਨ ਕਰਨੇ ਪ੍ਰਸ਼ੰਸਾਯੋਗ ਉਦੱਮ ਹਨ, ਅਤੇ ਸਮੇਂ ਸਮੇਂ ਟ੍ਰੇਨਿੰਗ ਕਰਵਾਉਣ ਵਾਲੀਆ ਫੈਕਟਰੀਆਂ ਅਤੇ ਸੰਸਥਾਵਾਂ ਵਿਖੇ ਕੋਈ ਵੀ ਹਾਦਸੇ, ਜਾਨੀ ਤੇ ਮਾਲੀ ਨੁਕਸਾਨ, ਕਾਨੂੰਨੀ ਸਮਸਿਆਵਾਂ ਨਹੀਂ ਵਾਪਰਦੀਆ ਅਤੇ ਵਰਕਰ ਆਤਮਵਿਸਵਾਸ ਤਸੱਲੀ ਅਤੇ ਸਾਵਧਾਨੀਆਂ ਨਾਲ ਆਪਣੇ ਕਾਰਜ ਕਰਦੇ ਰਹਿੰਦੇ ਹਨ ਜਿਸ ਨਾਲ ਫੈਕਟਰੀਆ ਦੀ ਪ੍ਰੋਡੇਕਸ਼ਨ ਸਨਮਾਨ ਵੀ ਵਧਦੇ ਹਨ, ਇਹ ਵਿਚਾਰ ਸ੍ਰੀ ਨਰਿੰਦਰ ਪਾਲ ਸਿੰਘ ਡਿਪਟੀ ਡਾਇਰੈਕਟਰ ਆਫ ਫੈਕਟਰੀਜ ਪਟਿਆਲਾ ਨੇ ਬੁੰਗੇ ਇੰਡੀਆ ਲਿਮਿਟਡ ਫੈਕਟਰੀ ਫੋਕਲ ਪੁਆਇੰਟ ਵਿਖੇ ਲਗੇ ਟ੍ਰੇਨਿੰਗ ਪ੍ਰੋਗਰਾਮ ਸਮੇਂ ਪ੍ਰਗਟ ਕੀਤੇ। ਇਸ ਮੋਕੇ ਇੰਜ ਸੋਢੀ ਮਲ ਜੀ ਨੇ ਫੈਕਟਰੀਆਂ ਵਿੱਚ ਮਸ਼ੀਨਰੀ ਇਲੈਕਟ੍ਰੀਕਲ ਮਕੈਨੀਕਲ ਇੰਜੀਨੀਅਰਿੰਗ ਹਾਦਸਿਆਂ ਦੇ ਕਾਰਨਾਂ ਅਤੇ ਹਾਦਸੇ ਰੋਕਣ ਲਈ ਕੀਤੇ ਜਾਣ ਵਾਲੇ ਪ੍ਰਬੰਧਾ ਬਾਰੇ ਜਾਣਕਾਰੀ ਦਿੱਤੀ। ਸਾਬਕਾ ਏ ਐਸ ਆਈ ਪੰਜਾਬ ਪੁਲਿਸ ਟਰੇਫਿਕ ਸ੍ਰੀ ਗੁਰਜਾਪ ਸਿੰਘ ਨੇ ਸੜਕਾਂ ਤੇ ਵਧ ਰਹੇ ਹਾਦਸਿਆਂ ਤੇ ਚਿੰਤਾ ਪ੍ਰਗਟ ਕਰਦੇ ਹੋਏ ਹਾਦਸਿਆਂ ਦੇ ਕਾਰਨਾਂ, ਬੇਮੋਤ ਮਰਦੇ ਨੋਜਵਾਨਾਂ ਅਤੇ ਨਾਗਰਿਕਾਂ, ਸੜਕਾਂ ਤੇ ਲਗੀਆ ਲਾਇਟਾਂ, ਲਾਇਨਾਂ, ਚਿੰਨਾਂ, ਹੈਲਮਟ, ਸੀਟ ਬੈਲਟ ਪਿਛੇ ਦੇਖਣ ਵਾਲੇ ਸੀਸੇ, ਲਾਇਸੰਸ ਬੀਮਾ ਰਜਿਸਟਰੇਸ਼ਨ ਕਾਪੀ, ਪ੍ਰਦੂਸ਼ਣ ਸਰਟੀਫਿਕੇਟ ਅਤੇ ਸੀਟ ਬੈਲਟ ਦੀ ਮਹੱਤਤਾ ਦਸੀ।

ਸ੍ਰੀ ਕਾਕਾ ਰਾਮ ਵਰਮਾ ਸੇਵਾਮੁਕਤ ਜਿਲਾ ਟਰੇਨਿੰਗ ਅਫਸਰ ਰੈਡ ਕਰਾਸ ਪਟਿਆਲਾ ਨੇ ਬੇਸਿਕ ਫਸਟ ਏਡ, ਸੀ ਪੀ ਆਰ, ਬਨਾਉਟੀ ਸਾਹ ਦੇਣ, ਫਸਟ ਏਡ ਦੀ ਏ ਬੀ ਸੀ ਡੀ, ਦਿਲ ਦੇ ਦੌਰੇ, ਸੂਗਰ ਆਕਸੀਜਨ ਲੇਵਲ ਜਾ ਬਲੱਡ ਪ੍ਰੈਸ਼ਰ ਦੇ ਘਟ ਹੋਣ, ਸਿਰ ਜਾ ਰੀੜ ਦੀ ਹੱਡੀ ਦੀ ਸੱਟ ਸਮੇਂ ਦਿਤੀ ਜਾਣ ਵਾਲੀ ਫਸਟ ਏਡ, ਅੱਗ ਬੁਝਾਉਣ ਦੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ। ਉਨਾਂ ਨੇ ਵਰਕਰਾਂ ਨੂੰ ਕਿਹਾ ਕਿ ਆਪਣੇ ਦੇਸ, ਪਰਿਵਾਰ, ਫੈਕਟਰੀ, ਕੰਮ ਪ੍ਰਤੀ ਵਫਾਦਾਰੀ ਅਨੁਸ਼ਾਸਨ ਨਿਮਰਤਾ ਸਹਿਣਸ਼ੀਲਤਾ ਦਿਖਾਕੇ ਕਾਰਜ ਕਰਦੇ ਜਾਓ ਕਿਉਕਿ ਗਿਆਨ ਸਹਾਰਾ ਜਾ ਰੋਜ਼ਗਾਰ ਦੇਣ ਵਾਲੀ ਸੰਸਥਾ ਵੀ ਪੂਜਾ ਯੋਗ ਹੁੰਦੀ ਹੈ। ਉਨਾਂ ਨੇ ਅਪੀਲ ਕੀਤੀ ਕਿ ਸੜਕਾਂ ਤੇ ਹੋਏ ਹਾਦਸਿਆਂ ਦੋਰਾਨ ਜਖਮੀ ਹੋਏ ਲੋਕਾਂ ਦੀ ਫਸਟ ਏਡ ਮਦਦ ਜਰੂਰ ਕਰਨੀ ਚਾਹੀਦੀ ਹੈ ਅਤੇ ਹਾਦਸੇ ਬਾਰੇ ਪੁਲਿਸ ਐਬੂਲੈਂਸ ਫਾਇਰ ਬ੍ਰਿਗੇਡ ਨੂੰ ਮਦਦ ਲਈ ਠੀਕ ਜਾਣਕਾਰੀ ਦੇਕੇ ਜਲਦੀ ਬੁਲਾਉਣ ਲਈ ਫੋਨ ਕਰਕੇ ਚੰਗੇ ਜੁੰਮੇਵਾਰ ਨਾਗਰਿਕ ਵਜੋਂ ਫਰਜ ਨਿਭਾਉ ਅਤੇ ਹਰੇਕ ਕੀਮਤੀ ਜਿੰਦਗੀ ਬਚਾਓਣ ਲਈ ਯਤਨ ਕਰਨ, ਹੁਣ ਪੁਲਿਸ ਵੱਲੋਂ ਵੀ ਪੀੜਤਾਂ ਦੀ ਮਦਦ ਕਰਨ ਵਾਲੇ ਲੋਕਾਂ ਦਾ ਸਨਮਾਨ ਕੀਤਾ ਜਾਵੇਗਾ। ਸ੍ਰੀ ਸੰਦੀਪ ਸਰਮਾਂ, ਸੰਜੀਵ ਕੁਮਾਰ ਅਤੇ ਰਾਵਿੰਦਰ ਬਾਂਸਲ ਨੇ ਟ੍ਰੇਨਿੰਗ ਦੇਣ ਵਾਲੇ ਸੱਜਣਾਂ ਦੇ ਢੰਗ ਤਰੀਕਿਆਂ ਦੀ ਪ੍ਰਸੰਸਾ ਕੀਤੀ ਫੈਕਟਰੀ ਮੈਨੇਜਮੈਂਟ ਵੱਲੋ ਸ੍ਰੀ ਨਰਿੰਦਰ ਪਾਲ ਸਿੰਘ ਅਤੇ ਟ੍ਰੇਨਿੰਗ ਦੇਣ ਵਾਲਿਆ ਦਾ ਸਨਮਾਨ ਕੀਤਾ।

# ਡਿਪਟੀ ਕਮਿਸ਼ਨਰ ਵਜੋਂ ਅਹੁੱਦਾ ਸੰਭਾਲਣ ਉਪਰੰਤ ਅਰਵਿੰਦ ਪਾਲ ਸਿੰਘ ਸੰਧੂ ਹੋਏ ਤਖਤ ਸ਼੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ




**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਬਠਿੰਡਾ ਦੇ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁੱਦਾ ਸੰਭਾਲਣ ਉਪਰੰਤ ਤਖਤ ਸ਼੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਤਖਤ ਸ਼੍ਰੀ ਦਮਦਮਾ ਸਾਹਿਬ ਦੇ ਮੈਨੇਜ਼ਰ ਸ. ਪਰਮਜੀਤ ਸਿੰਘ ਵਲੋਂ ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਨੂੰ ਸਿਰੋਪਾਓ ਦੀ ਬਖਸ਼ਿਸ ਅਤੇ ਤਖਤ ਸ਼੍ਰੀ ਦਮਦਮਾ ਸਾਹਿਬ ਦਾ ਮਾਡਲ ਦੇ ਕੇ ਸਨਮਾਨਿਤ ਕੀਤਾ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਪੰਗਤ ਤੇ ਸੰਗਤ ਵਿਚ ਬੈਠ ਕੇ ਲੰਗਰ ਵੀ ਛਕਿਆ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਵਲੋਂ ਗੁਰੂ ਸਾਹਿਬਾਨਾਂ ਦੀਆਂ ਇਤਿਹਾਸਕ ਨਿਸ਼ਾਨੀਆਂ ਨੂੰ ਸਿਜਦਾ ਕੀਤਾ ਗਿਆ। ਇਸ ਮੌਕੇ ਤਖਤ ਸ਼੍ਰੀ ਦਮਦਮਾ ਦੇ ਮੈਨੇਜ਼ਰ ਵਲੋਂ ਇੱਥੋਂ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਐਸਡੀਐਮ ਤਲਵੰਡੀ ਸਾਬੋ ਸ਼੍ਰੀ ਵਰਿੰਦਰ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।



# ਬਾਬਾ ਖਵਾਜਾ ਪੀਰ ਦਾ 23 ਵਾਂ ਸਾਲਾਨਾ ਦਿਵਸ 7 ਅਕਤੂਬਰ ਨੂੰ

**ਭੋਗਪੁਰ/ਸੁਖਵਿੰਦਰ ਜੰਡੀਰ**

ਭੋਗਪੁਰ ਨੇੜਲੇ ਪਿੰਡ ਜੰਡੀਰ ਵਿਖੇ ਦਰਬਾਰ ਖਵਾਜਾ ਪੀਰ ਜੀ ਦਾ ਸਾਲਾਨਾ 23 ਵਾ ਉਰਸ ਡੇਰਾ ਮੁਖੀ ਬਾਬਾ ਮਨਜੂਰ ਹੁਸੈਨ ਜੀ ਰਹਿਨੁਮਾਈ ਹੇਠ ਪ੍ਰਬੰਧਕ ਕਮੇਟੀ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਵੱਲੋਂ ਮਿਤੀ 7 ਅਕਤੂਬਰ 2021 ਦਿਨ ਵੀਰਵਾਰ ਨੂੰ ਬੜੀ ਹੀ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ। ਸਵੇਰੇ 9 ਵਜੇ ਝੰਡੇ ਦੀ ਰਸਮ ਹੋਵੇਗੀ,ਉਪਰੰਤ ਸੂਫੀਆਨਾ ਮਹਿਫਿਲ ਸ਼ਾਮ ਤੱਕ ਚੱਲੇਗੀ। ਜਿਸ ਵਿੱਚ ਮਸ਼ਹੂਰ ਕੱਵਾਲ ਪਾਰਟੀਆਂ ਸੂਫੀਆਨਾ ਕੱਵਾਲੀਆਂ ਰਾਹੀਂ ਹਾਜ਼ਰੀ ਭਰਨਗੀਆਂ ।ਇਸ ਮੌਕੇ ਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਤੋਂ ਇਲਾਵਾ ਵੱਖ ਵੱਖ ਡੇਰਿਆਂ ਤੋਂ ਸੂਫੀ ਸੰਤ ਮਹਾਂਪੁਰਸ਼ ਵਿਸੇਸ ਤੌਰ ਤੇ ਸ਼ਿਰਕਤ ਕਰਨਗੇ,ਚਾਹ ਪਕੌੜਿਆਂ ਤੋਂ ਇਲਾਵਾ ਬਾਬਾ ਜੀ ਦਾ ਅਤੁੱਟ ਲੰਗਰ ਵਰਤੇਗਾ ।ਇਸ ਮੌਕੇ ਤੇ ਪ੍ਰਬੰਧਕ ਕਮੇਟੀ ਨੇ ਬੇਨਤੀ ਕਰਦਿਆਂ ਕਿਹਾ ਕਿ ਸਿਰਫ਼ ਸੱਦਾ ਪੱਤਰ ਰਾਹੀਂ ਬੁਲਾਈਆਂ ਗਈਆਂ ਪਾਰਟੀਆਂ ਨੂੰ ਗਾਉਣ ਦਾ ਸਮਾਂ ਦਿੱਤਾ ਜਾਵੇਗਾ।



# ਨਿਜੀਕਰਨ ਤੇ ਠੇਕੇਦਾਰੀ ਸਿਸਟਮ ਵਿਰੁੱਧ ਸੰਘਰਸ ਕਰਦੇ ਡਿਸਮਿਸ ਕੀਤੇ ਬਿਜਲੀ ਮੁਲਾਜਮ ਆਗੂ ਬਹਾਲ ਕਰਵਾਉਣ ਅਤੇ ਪਾਵਰਕਾਮ ਮੈਨੇਜਮੈਂਟ ਵਿਰੁਧ ਬਿਜਲੀ ਮੁਲਾਜਮਾਂ ਵੱਲੋਂ ਪਾਵਰਕਾਮ ਦੇ ਮੁੱਖ ਦਫਤਰ ਅੱਗੇ ਵਿਸਾਲ ਸੂਬਾਈ ਧਰਨਾ ਅਤੇ ਮੁਜਾਹਰਾ

**ਪਟਿਆਲਾ/ਜਗਦੀਸ ਰਾਈਕਾ**

ਨਿਜੀਕਰਨ,ਠੇਕੇਦਾਰੀ ਸਿਸਟਮ ਵਿਰੁੱਧ ਸੰਘਰਸ ਕਰਦੇ ਡਿਸਮਿਸ ਕੀਤੇ ਬਿਜਲੀ ਮੁਲਾਜਮ ਆਗੂ ਬਹਾਲ ਕਰਾਉਣ ਅਤੇ ਹੋਰ ਮੰਗਾਂ ਪ੍ਰਤੀ ਪਾਵਰਕਾਮ ਅਤੇ ਟ੍ਰਾਂਸਕੋ ਦੀ ਮੈਨੇਜਮੈਂਟ ਦੇ ਅੜੀਅਲ ਵਤੀਰੇ ਵਿਰੁਧਟੈਕਨੀਕਲ ਸਰਵਿਸਜ ਯੂਨੀਅਨ (ਰਜਿ.) ਪੰਜਾਬ ਰਾਜ ਬਿਜਲੀ ਬੋਰਡ ਦੇ ਸੱਦੇ ਤੇ ਬਿਜਲੀ ਮੁਲਜਮਾਂ ਵੱਲੋ ਪਾਵਰਕਾਮ ਦੇ ਮੁੱਖ ਦਫਤਰ ਪਟਿਆਲਾ ਵਿਖੇ ਸਾਥੀ ਭਰਪੂਰ ਸਿੰਘ ਮਾਂਗਟ ਦੀ ਪ੍ਰਧਾਨਗੀ ਹੇਠ ਵਿਸਾਲ ਸੂਬਾਈ ਧਰਨਾ ਦੇ ਕੇ ਸਹਿਰ ਵਿਚ ਮਾਰਚ ਕੀਤਾ ਗਿਆ। ਇਸ ਧਰਨੇ ਅਤੇ ਮੁਜਾਹਰੇ ਵਿਚ ਸਾਰੇ ਪੰਜਾਬ ਤੋਂ ਹਜਾਰਾਂ ਬਿਜਲੀ ਮੁਲਾਜਮਾਂ ਨੇ ਹਿੱਸਾ ਲਿਆ ।ਉਨਾਂ ਨੇ ਹੱਥਾਂ ਵਿਚ ਤਖਤੀਆਂ ਫੜੀਆਂ ਹੋਈਆਂ ਸਨ ਜਿਨਾਂ ਤੇ ਨਾਰੇ ਲਿਖੇ ਹੋਏ ਸਨ ।ਉਹ ਅਕਾਸ ਗੁੰਜਾਉਂ ਨਾਰੇ ਮਾਰ ਰਹੇ ਸਨ ।ਵਿਸਾਲ ਸੂਬਾਈ ਧਰਨੇ ਅਤੇ ਮੁਜਾਹਰੇ ਨੂੰ ਸੂਬਾ ਸੀਨੀਅਰ ਮੀਤ ਪ੍ਰਧਾਨ ਸਾਥੀ ਰਛਪਾਲ ਸਿੰਘ ਡੋਮਰੂ, ਸੀਨੀਅਰ ਮੀਤ ਪ੍ਰਧਾਨ ਸਾਥੀ ਬਨਾਰਸੀ ਦਾਸ ਪਸਿਆਣਾ,ਸਹਾਇਕ ਸਕੱਤਰ ਸਾਥੀ ਕ੍ਰਿਸਨ ਸਿੰਘ,ਦਫਤਰੀ ਸਕੱਤਰ ਸਾਥੀ ਇਕਬਾਲ ਸਿੰਘ,ਖਜਾਨਚੀ ਸਾਥੀ ਸੰਤੋਖ ਸਿੰਘ ਤੋ ਇਲਾਵਾ ਹਮਾਇਤ ਵਿਚ ਪੁਜੇ ਠੇਕਾ ਮੁਲਾਜਮ ਮੋਰਚਾ ਪੰਜਾਬ ਦੇ ਸੂਬਾ ਆਗੂ ਸਾਥੀ ਬਲਿਹਾਰ ਸਿੰਘ ਨੇ ਸੰਬੋਧਨ ਕੀਤਾ ।ਸਟੇਜ ਦੀ ਕਾਰਵਾਈ ਚਲਾਉਣ ਦੀ ਭੂਮਿਕਾ ਸਾਥੀ ਪ੍ਰਮੋਦ ਕੁਮਾਰ ਜਨਰਲ ਸਕੱਤਰ ਨੇ ਨਿਭਾਈ।

ਵਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪਾਵਰਕਾਮ ਮੈਨੇਜਮੈਂਟ ਵੱਲੋਂ ਨਿਜੀਕਰਨ ਅਤੇ ਠੇਕੇਦਾਰੀ ਸਿਸਟਮ ਵਿਰੁੱਧ ਬਿਜਲੀ ਮੁਲਾਜਮਾਂ ਦੇ ਸੰਘਰਸ ਨੂੰ ਕੁਚਲਣ ਲਈ ਸਾਡੀ ਜਥੇਬੰਦੀ ਉਪੱਰ ਸਿਰੇ ਦਾ ਹਮਲਾ ਕਰਦੇ ਹੋਏ ਸਾਡੇ ਸੱਤ ਆਗੂਆਂ ਨੂੰ ਮਹਿਕਮਾਣਾ ਇਨਕੁਆਰੀਆਂ ਵਿਚ ਨਿਰਦੋਸ ਸਾਬਤ ਹੋਣ ਦੇ ਬਾਵਜੂਦ ਡਿਸਮਿਸ ਕਰ ਦਿੱਤਾ ਗਿਆ ਸੀ ।ਮੁਕਤਸਰ ਅਤੇ ਫਰੀਦਕੋਟ ਸਰਕਲ ਦੇ 16 ਆਗੂਆਂ ਨੂੰ ਸਸਪੈਂਡ ਅਤੇ ਦਰਜਨਾਂ ਆਗੂਆਂ ਦੀਆਂ ਦੂਰ ਦੁਰਾਡੇ ਬਦਲੀਆਂ ਕਰ ਦਿੱਤੀਆਂ ਗਈਆਂ ਸਨ ।16 ਮਹੀਨੇ ਦੇ ਲੰਮੇ ਸੰਘਰਸ ਤੋਂ ਬਾਅਦ ਸਾਲ 2009 ਵਿਚ ਭਾਵੇਂ ਉਨਾਂ ਨੂੰ ਬਹਾਲ ਕਰਵਾ ਲਿਆ ਗਿਆ ਪਰ ਸਾਲ 2014 ਵਿਚ ਕੋਰਟ ਕੇਸ ਦਾ ਬਹਾਨਾ ਬਣਾ ਕੇ ਪਾਵਰਕਾਮ ਮੈਨੇਜਮੈਂਟ ਵੱਲੋਂ ਦੋ ਆਗੂਆਂ ਨੂੰ ਦੁਬਾਰਾ ਡਿਸਮਿਸ ਕਰ ਦਿੱਤਾ ਗਿਆ ਅਤੇ ਪੰਜ ਆਗੂਆਂ ਦੀਆਂ ਪੈਨਸਨਾਂ ਵਿਚ 33 ਫੀਸਦੀ ਪੈਨਸਨਾਂ ਵਿਚ ਕਟੌਤੀ ਕਰ ਦਿੱਤੀ ਗਈ ।ਪਾਵਰਕਾਮ ਮੈਨੇਜਮੈਂਟ ਦਾ ਸਾਡੀ ਜਥੇਬੰਦੀ ਨਾਲ ਮਿਤੀ 14112017 ਅਤੇ 20032018 ਨੂੰ ਸਮਝੌਤਾ ਹੋਇਆ ਸੀ ਜਲਦੀ ਹੀ ਬੀ.ਉ.ਡੀ. ਦੀ ਮੀਟਿੰਗ ਕਰਕੇ ਡਿਸਮਿਸ ਆਗੂਆਂ ਨੂੰ ਬਹਾਲ ਕਰ ਦਿੱਤਾ ਜਾਵੇਗਾ ਅਤੇ ਹੋਰ ਵਿਕਟੇਮਾਈਜੇਸਨਾਂ ਹੱਲ ਕਰ ਦਿੱਤੀਆਂ ਜਾਣਗੀਆਂ ।ਪਰ ਅੱਜ ਤਕ ਨਾ ਡਿਸਮਿਸ ਆਗੂਆਂ ਨੂੰ ਬਹਾਲ ਕੀਤਾ ਗਿਆ ਹੈ ਅਤੇ ਨਾ ਹੀ ਹੋਰ ਵਿਕਟੇਮਾਈਜੇਸਨਾਂ ਹੱਲ ਨਹੀ ਕੀਤੀਆਂ ਗਈਆਂ ਹਨ।



ਬੁਲਾਰਿਆਂ ਨੇ ਪਾਵਰਕਾਮ ਮੈਨੇਜਮੈਂਟ ਦੇ ਅੜੀਅਲ ਵਤੀਰੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਪਾਵਰਕਾਮ ਮੈਨੇਜਮੈਂਟ ਨੇ ਸਾਡੀ ਜਥੇਬੰਦੀ ਨਾਲ ਟਕਰਾਅ ਵਾਲਾ ਰਵਈਆ ਅਖਤਿਆਰ ਕੀਤਾ ਹੋਇਆ ਹੈ ।ਲਗਾਤਾਰ ਸੰਘਰਸ ਕਰਨ ਦੇ ਬਾਵਜੂਦ ਸਾਲ 2018 ਤੋਂ ਬਾਅਦ ਸਾਡੀ ਜਥੇਬੰਦੀ ਨਾਲ ਗੱਲਬਾਤ ਨਹੀ ਕੀਤੀ ਗਈ ਹੈ ।ਸੰਘਰਸਾਂ ਉਪਰ ਪਾਬੰਦੀਆਂ ਮੜ੍ਹ ਕੇ ਸੰਘਰਸ ਕਰਨ ਦੇ ਬੁਨਿਆਦੀ ਹੱਕ ਨੂੰ ਖਤਮ ਕੀਤਾ ਜਾ ਰਿਹਾ ਹੈ ।ਉਨਾ ਕਿਹਾ ਕਿ ਮੈਨੇਜਮੈਂਟ ਵਿਕਟੇਮਾਈਜੇਸਨਾਂ ਨਾ ਹੱਲ ਕਰਕੇ ਅਤੇ ਸੰਘਰਸਾਂ ਤੇ ਪਾਬੰਦੀਆਂ ਮੜ੍ਹ ਕੇ ਜਾਬਰ ਕਦਮਾ ਨਾਲ ਸੰਘਰਸਾਂ ਨੂੰ ਕੁਚਲਣ ਦਾ ਭਰਮ ਪਾਲਦੀ ਹੈ।

ਬਿਜਲੀ ਮੁਲਾਜਮਾਂ ਦੀਆਂ ਭਖਦੀਆਂ ਮੰਗਾਂ ਦਾ ਜਿਕਰ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਅਤੇ ਕੇਂਦਰ ਦੀ ਸਰਕਾਰ ਵੱਲੋਂ ਬਿਜਲੀ ਬਿਲ 2021 ਪਾਸ ਕਰਕੇ ਬਿਜਲੀ ਖੇਤਰ ਦਾ ਮੁਕੰਮਲ ਤੌਰ ਤੇ ਨਿਜੀਕਰਨ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ।ਉਨਾਂ ਕਿਹਾ ਕਿ ਬਿਜਲੀ ਬਿਲ 2021 ਪਾਸ ਹੋਣ ਨਾਲ ਪੱਕੇ ਰੁਜਗਾਰ ਦੇ ਖਾਤਮੇ ਦੇ ਨਾਲ ਨਾਲ ਮੁਫਤ ਬਿਜਲੀ ਦੀ ਸਹੂਲਤ ਅਤੇ ਕਰਾਸ ਸਬਸਿਡੀ ਦਾ ਖਾਤਮਾ ਹੋ ਜਾਵੇਗਾ ।ਬਿਜਲੀ ਖੇਤਰ ਉਪਰ ਨਿਜੀ ਕੰਪਨੀਆਂ ਦਾ ਕਬਜਾ ਹੋ ਜਾਵੇਗਾ।

ਪਾਵਰਕਾਮ ਮੈਨੇਜਮੈਂਟ ਦੀ ਨਿਖੇਧੀ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪੁਨਰਗਠਨ ਦੇ ਨਾਂ ਹੇਠ ਹਜਾਰਾਂ ਅਸਾਮੀਆਂ ਖਤਮ ਕੀਤੀਆਂ ਜਾ ਰਹੀਆਂ ਹਨ ।ਸਰਕਾਰੀ ਥਰਮਲ ਬੰਦ ਕੀਤੇ ਜਾ ਰਹੇ ਹਨ ।ਦੋ ਧਿਰੀ ਗੱਲਬਾਤ ਰਾਹੀਂ ਮੁਲਾਜਮਾਂ ਦੇ ਤਨਖਾਹ ਸਕੇਲਾਂ ਦੀ ਸੁਧਾਈ ਨਹੀ ਕੀਤੀ ਜਾ ਰਹੀ ਹੈ ।ਵਾਰਵਾਰ ਵਾਅਦਾ ਕਰਨ ਦੇ ਬਾਵਜੂਦ ਪੰਜਾਬ ਸਰਕਾਰ ਦੇ ਮੁਲਾਜਮਾਂ ਦੇ ਬਰਾਬਰ ਪੇਅ ਬੈਂਡ ਅਤੇ ਗਰੇਡ ਪੇਅ ਦੀ ਅਦਾਇਗੀ ਨਹੀ ਕੀਤੀ ਜਾ ਰਹੀ ਹੈ ।ਬਿਜਲੀ ਮੁਲਾਜਮਾਂ ਦੀਆਂ ਸੇਵਾ ਸਰਤਾਂ ਤਬਦੀਲ ਕੀਤੀਆਂ ਜਾ ਰਹੀਆਂ ।ਲਾਇਨ ਮੈਨ ਦੀ ਯੋਗਤਾ ਰਖਣ ਵਾਲੇ ਮੁਲਾਜਮਾਂ ਨੂੰ ਸਹਾਇਕ ਲਾਇਨਮੈਨ ਭਰਤੀ ਕਰਕੇ ਉਨਾਂ ਦਾ ਸੋਸਣ ਕੀਤਾ ਜਾ ਰਿਹਾ ਹੈ ।ਮੁੱਖ ਮੰਤਰੀ,ਮੰਤਰੀ ਐਮ.ਐਲ.ਏਜ ਆਦਿ ਆਪ 99 ਪੈਨਸਨਾਂ ਲੈਣ ਦੇ ਬਾਵਜੂਦ ਨਵੇਂ ਭਰਤੀ ਹੋਣ ਵਾਲੇ ਮੁਲਾਜਮਾਂ ਤੋ ਪਹਿਲੀ ਕਲਿਆਨਕਾਰੀ ਪੈਨਸਨ ਯੋਜਨਾ ਦਾ ਹੱਕ ਖੋਹ ਲਿਆ ਗਿਆ ਹੈ।

ਪੰਜਾਬ ਸਰਕਾਰ ਦੇ ਖਿਲਾਫ ਅਪਣੇ ਰੋਹ ਦਾ ਪ੍ਰਗਟਾਵਾ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਚੋਣਾਂ ਸਮੇਂ ਘਰਘਰ ਰੁਜਗਾਰ ਦੇਣ, ਕੱਚੇ ਕਾਮੇ ਪੱਕੇ ਕਰਨ ਦਾ ਵਾਅਦਾ ਕੀਤਾ ਸੀ ਪਰ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਕੱਚੇ ਕਾਮੇ ਪੱਕੇ ਕਰਨ ਦੀ ਬਜਾਇ ਪਿਛਲੀ ਅਕਾਲੀ ਭਾਜਪਾ ਸਰਕਾਰ ਵੇਲੇ ਬਣਿਆ ਔਗੁਣਾ ਭਰਪੂਰ ਠੇਕਾ ਮੁਲਾਜਮ ਵੇਲਫੇਅਰ ਐਕਟ2016 ਰੱਦ ਕਰਕੇ ਠੇਕਾ ਮੁਲਾਜਮਾਂ ਦੇ ਪੱਕੇ ਹੋਣ ਦੀ ਆਸ ਤੇ ਪਾਣੀ ਫੇਰ ਦਿੱਤਾ ਹੈ ।ਵੱਖਵੱਖ ਵਿਭਾਗਾਂ *ਚ ਕੰਮ ਕਰਦੇ ਠੇਕਾ ਮੁਲਾਜਮ ਪੱਕੇ ਹੋਣ ਲਈ ਮੁੱਖ ਮੰਤਰੀ ਦੇ ਸਹਿਰ ਪੱਕਾ ਮੋਰਚਾ ਲਗਾ ਕੇ ਸੰਘਰਸ ਕਰ ਰਹੇ ਹਨ ਪਰ ਠੇਕਾ ਮੁਲਾਜਮਾਂ ਦੇ ਨਾਲ ਹੋਣ ਦਾ ਦੰਭ ਕਰਨ ਵਾਲੇ ਮੁੱਖ ਮੰਤਰੀ ਕੋਲ ਉਨਾਂ ਲਈ ਸਮਾਂ ਨਹੀ ਹੈ ।ਸਰਕਾਰ ਲਗਾਤਾਰ ਉਨਾਂ ਨਾਲ ਗੱਲ ਬਾਤ ਤੋਂ ਟਾਲਾ ਵੱਟ ਰਹੀ ਹੈ ।ਇਸ ਨਾਲ ਸਰਕਾਰ ਵੱਲੋਂ ਠੇਕਾ ਮੁਲਾਜਮਾਂ ਪ੍ਰਤੀ ਧਾਰਨ ਕੀਤੇ ਹਿਟਲਰ ਸਾਹੀ ਵਤੀਰੇ ਦੀ ਝਲਕ ਮਿਲਦੀ ਹੈ। ਇਸ ਮੌਕੇ ਵੱਖਵੱਖ ਬੁਲਾਰਿਆਂ ਨੇ ਟ੍ਰਾਂਸਕੋ ਮੈਨੇਜਮੈਂਟ ਦੇ ਮੁਲਾਜਮ ਵਿਰੋਧੀ ਵਤੀਰੇ ਦੀ ਸਖਤ ਸਬਦਾਂ ਵਿਚ ਨਿਖੇਧੀ ਕੀਤੀ ।ਉਨਾਂ ਕਿਹਾ ਕਿ ਟ੍ਰਾਂਸਕੋ ਦੀ ਮੈਨੇਜਮੈਂਟ ਵੱਲੋਂ ਸੰਘਰਸਾਂ ਤੇ ਪਾਬੰਦੀ ਦੇ ਫੁਰਮਾਨ ਜਾਰੀ ਕੀਤੇ ਜਾ ਰਹੇ ਹਨ ।ਸੰਘਰਸਾਂ ਵਿਚ ਹਿੱਸਾ ਲੈਣ ਵਾਲੇ ਕਰਮਚਾਰੀਆਂ ਦੀਆਂ ਗੈਰਹਾਜਰੀਆਂ ਲਾਈਆਂ ਜਾ ਰਹੀਆਂ ਹਨ ।ਹੜਤਾਲ ਵਿਚ ਹਿੱਸਾ ਲੈਣ ਵਾਲੇ ਕਰਮਚਾਰੀਆਂ ਦੀਆਂ ਤਰੱਕੀਆਂ,ਸਮਾਂ ਵੱਧ ਸਕੇਲ ਅਤੇ ਅੰਤਮ ਅਦਾਇਗੀਆਂ ਰੋਕੀਆਂ ਜਾ ਰਹੀਆਂ ਹਨ।

ਹਮਾਇਤੀ ਜਥਾ ਲੈ ਕੇ ਪਹੁੰਚੇ ਠੇਕਾ ਮੁਲਾਜਮ ਸੰਘਰਸ ਮੋਰਚਾ ਪੰਜਾਬ ਦੇ ਆਗੂ ਸਾਥੀ ਬਲਿਹਾਰ ਸਿੰਘ ਨੇ ਹਾਕਮਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਸਾਮਰਾਜੀ ਦਿਸਾ ਨਿਰਦੇਸਤ ਲੋਕ ਵਿਰੋਧੀ ਨੀਤੀਆਂ ਦਾ ਜਿਕਰ ਕਰਦੇ ਹੋਏ ਕਿਹਾ ਕਿ ਇਹ ਨੀਤੀਆਂ ਮਜਦੂਰਾਂ, ਮੁਲਾਜਮਾਂ, ਕਿਸਾਨਾਂ, ਠੇਕਾ ਕਾਮਿਆਂ ਅਤੇ ਹੋਰ ਮੇਹਨਤਕਸ ਲੋਕਾਂ ਦਾ ਉਜਾੜਾ ਕਰਕੇ ਮੁੱਠੀ ਭਰ ਕਾਰਪੋਰੇਟਾਂ ਦੀਆਂ ਤਿਜੋਰੀਆਂ ਭਰ ਰਹੀਆਂ ਹਨ ।ਸਾਂਝੇ ਵਿਸਾਲ,ਤਿੱਖੇ ਸੰਘਰਸਾਂ ਰਾਹੀਂ ਹੀ ਇਸ ਹਮਲੇ ਦਾ ਮੂੰਹ ਮੋੜਿਆ ਜਾ ਸਕਦਾ ਹੈ ।ਉਨਾਂ ਨੇ ਸਮੂਹ ਮੁਲਾਜਮਾਂ ਨੂੰ ਸਰਕਾਰਾਂ ਤੋਂ ਭਲੇ ਦੀ ਝਾਕ ਛਡ ਕੇ ਸਾਂਝੇ ਸੰਘਰਸਾਂ ਦੇ ਰਾਹ ਅੱਗੇ ਵੱਧਣ ਦਾ ਸੱਦਾ ਦਿੱਤਾ।

ਬੁਲਾਰਿਆਂ ਨੇ ਪੰਜਾਬ ਸਰਕਾਰ,ਪਾਵਰਕਾਮ ਅਤੇ ਟ੍ਰਾਂਸਕੋ ਦੀ ਮੈਨੇਜਮੈਂਟ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਡਿਸਮਿਸ ਬਿਜਲੀ ਮੁਲਾਜਮ ਆਗੂਆਂ ਨੂੰ ਬਹਾਲ ਅਤੇ ਹੋਰ ਵਿਕਟੇਮਾਈਜੇਸਨਾ ਹੱਲ ਨਾ ਕੀਤੀਆਂ,ਕੱਚੇ ਮੁਲਾਜਮਾਂ ਨੂੰ ਪੱਕੇ ਤੋਂ ਟਾਲਾ ਵੱਟਿਆ ਅਤੇ ਸੰਘਰਸਾਂ ਤੇ ਲਾਈਆਂ ਪਾਬੰਦੀਆਂ ਵਾਪਸ ਨਾ ਲਈਆਂ ਤਾਂ ਆਉਣ ਵਾਲੇ ਸਮੇਂ ਵਿਚ ਸੰਘਰਸ ਹੋਰ ਤਿੱਖਾ ਕੀਤਾ ਜਾਵੇਗਾ ।ਮੁਲਾਜਮਾਂ ਦੀ ਲੁੱਟ ਅਤੇ ਜਬਰ ਕਰਨ ਵਾਲੇ ਹਾਕਮਾਂ ਦਾ ਪਿੰਡਾ,ਸਹਿਰਾਂ ਵਿਚ ਘਿਰਾਉ ਕਰਕੇ ਜੁਵਾਬ ਮੰਗਿਆ ਜਾਵੇਗਾ।

# ਬਸੰਤ ਰਿਤੂ ਕਲੱਬ ਨੇ ਖੋਲਿਆ ਛੇਵਾਂ ਸਿਲਾਈ ਸੈਂਟਰ

## ਛੇ ਮਹੀਨੇ ਦਾ ਸਲਾਈ ਕਢਾਈ ਕੋਰਸ ਦੀ ਦਿੱਤੀ ਜਾਵੇਗੀ ਸਿਖਲਾਈ



**ਪਟਿਆਲਾ/ਜਗਦੀਸ਼ ਰਾਈਕਾ**

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਨਹਿਰੂ ਯੂਵਾ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਪਿੰਡ ਦਿੱਤੂਪੁਰ ਵਿਖੇ ਛੇਵਾਂ ਸਿਲਾਈ ਸੈਂਟਰ ਖੋਲਿਆ ਗਿਆ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਅਤੇ ਸਕੱਤਰ ਇੰਜੀ: ਰੋਬਿੰਨ ਸਿੰਘ ਨੇ ਆਖਿਆ ਕਿ ਕਲੱਬ ਵੱਲੋਂ ਸਵੈ ਰੋਜਗਾਰ ਪੈਦਾ ਕਰਨ ਲਈ ਅਤੇ ਲੜਕੀਆਂ ਨੂੰ ਆਪਣੇ ਪੈਰਾਂ ਤੇ ਖੜਾ ਹੋਣ ਲਈ ਕਲੱਬ ਵੱਲੋਂ ਵੱਖਵੱਖ ਪਿੰਡਾਂ ਵਿੱਚ ਸਿਲਾਈ ਸੈਂਟਰ ਅਤੇ ਬਿਊਟੀ ਪਾਰਲਰ ਦੇ ਛੇ ਮਹੀਨੇ ਦੇ ਕੋਰਸ ਮੁਫਤ ਕਰਵਾਏ ਜਾਂਦੇ ਹਨ ਤਾਂ ਜੋ ਲੜਕੀਆਂ ਇਹਨਾਂ ਸਿਖਲਾਈ ਕੇਂਦਰਾਂ ਵਿੱਚ ਸਿੱਖ ਕੇ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ, ਚੇਅਰਮੈਨ ਰਾਮ ਜੀ ਦਾਸ ਨੇ ਆਖਿਆ ਕਿ ਕਲੱਬ ਵੱਲੋਂ ਇਸ ਤਰ੍ਹਾਂ ਦੇ ਸਿਖਲਾਈ ਕੇਂਦਰ ਬਿਲਕੁਲ ਮੁਫਤ ਚਲਾਏ ਜਾਂਦੇ ਹਨ ਅਤੇ ਦਿੱਤੂਪੁਰ ਪਿੰਡ ਵਿਖੇ ਰਾਜ ਸਿੰਘ ਟਿਵਾਣਾ ਦੇ ਸਹਿਯੋਗ ਨਾਲ ਇਸ ਸੈਂਟਰ ਵਿੱਚ ਮਸ਼ੀਨਾਂ ਵੀ ਦਿੱਤੀਆਂ ਗਈਆਂ ਅਤੇ ਸੈਂਟਰ ਵਿੱਚ ਦੋ ਪੈਰਾਂ ਵਾਲੀਆਂ ਅਤੇ ਦੋ ਹੱਥ ਵਾਲੀਆਂ ਮਸ਼ੀਨਾਂ ਰਾਹੀਂ ਲੜਕੀਆਂ ਨੂੰ ਸਿਲਾਈ ਤੇ ਕਢਾਈ ਦੀ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਕਲੱਬ ਦਾ ਉਪਰਾਲਾ ਹੈ ਕਿ ਜਲਦੀ ਹੀ ਪਿੰਡਾਂ ਵਿੱਚ ਬਿਊਟੀ ਪਾਰਲਰ ਅਤੇ ਮਹਿੰਦੀ ਲਗਾਉਣ ਦੇ ਸਿੱਖਿਆ ਸੈਂਟਰ ਮੁਫਤ ਖੋਲ ਕੇ ਲੜਕੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ। ਇਸ ਪ੍ਰੋਗਰਾਮ ਵਿੱਚ ਕਲੱਬ ਦੇ ਬਹੁ ਗਿਣਤੀ ਮੈਂਬਰਾਂ ਅਤੇ ਪੰਚਾਇਤ ਮੈਂਬਰਾਂ ਨੇ ਭਾਗ ਲਿਆ।

# ਸਾਹਿਤਕਾਰ ਜਗਰੂਪ ਸਿੰਘ ਮਾਨ ਦੀ ਯਾਦ ਵਿੱਚ ਦਮਦਮਾ ਸਾਹਿਤ ਸਭਾ ਤਲਵੰਡੀ ਸਾਬੋ ਵੱਲੋਂ ਕਰਵਾਇਆ ਸਾਲਾਨਾ ਸਮਾਗਮ




**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਦਮਦਮਾ ਸਾਹਿਬ ਸਾਹਿਬ ਸਭਾ (ਰਜਿ.) ਤਲਵੰਡੀ ਸਾਬੋ ਵੱਲੋਂ ਜਗਰੂਪ ਸਿੰਘ ਮਾਨ ਯਾਦਗਾਰੀ ਸਾਹਿਤਕ ਸਮਾਗਮਾਂ ਤਲਵੰਡੀ ਸਾਬੋ ਦੇ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਆਯੋਜਿਤ ਕੀਤਾ ਗਿਆ। ਇਸ ਸਮੁੱਚੇ ਸਮਾਗਮ ਨੂੰ ਤਿੰਨ ਵੱਖ ਵੱਖ ਪੜਾਵਾਂ ਦੇ ਅੰਤਰਗਤ ਉੱਘੇ ਸਾਹਿਤਕਾਰ ਤੇ ਆਲੋਚਕ ਗੁਰਦੇਵ ਖੋਖਰ ਦਾ ਸਭ ਤੋਂ ਪਹਿਲਾਂ ਸਨਮਾਨ ਕੀਤਾ ਗਿਆ। ਦੂਸਰੇ ਪੜਾਅ ਤਹਿਤ ਸੁਖਮਿੰਦਰ ਸਿੰਘ ਭਾਗੀਵਾਂਦਰ ਦੇ ਗੀਤ ਸੰਗ੍ਰਹਿ "ਗੀਤ ਗੁਲਦਸਤਾ", ਡਾ. ਗੁਰਨਾਮ ਖੋਖਰ ਦੇ ਨਾਵਲ "ਜਖਮੀ ਰੀਝਾਂ" ਅਤੇ ਡਾ. ਅਮਨਦੀਪ ਸਿੰਘ ਸੇਖੋਂ ਦੇ ਅਨੁਵਾਦਿਤ ਨਾਵਲ "ਸ਼ਾਨਾਮੱਤੇ" ਦੀ ਰਸਮੀ ਘੁੰਡ ਚੁਕਾਈ /ਲੋਕ ਅਰਪਣ ਕੀਤਾ ਗਿਆ। ਉਪਰੋਕਤ ਪੁਸਤਕਾਂ ਸਬੰਧੀ ਵਿਦਵਾਨ/ਸਮੀਖਿਆਕਾਰਾਂ ਬਲਵਿੰਦਰ ਬਾਘਾ ਅਤੇ ਭੋਲਾ ਸਿੰਘ ਸ਼ਮੀਰੀਆ ਨੇ ਸੰਤੁਲਤ ਪਰਚੇ ਪ੍ਰਸਤੁਤ ਕੀਤੇ। ਸਮਾਗਮ ਦੇ ਤੀਸਰੇ ਚਰਨ ਤਹਿਤ ਹਾਜ਼ਰ ਕਵੀਆਂ ਨੇ ਵੱਖੋ ਵੱਖ ਵਿਸ਼ਿਆਂ ਦੁਆਲੇ ਕੇਂਦਰਤ ਗੀਤ, ਕਵਿਤਾਵਾਂ, ਨਜ਼ਮਾਂ, ਗ਼ਜ਼ਲਾਂ, ਰੁਬਾਈਆਂ, ਕਵੀਸ਼ਰੀਆਂ, ਕਾਵਿ - ਵਿਅੰਗ ਆਦਿ ਵੰਨਗੀਆਂ ਦੀ ਪੇਸ਼ਕਾਰੀ ਨਾਲ ਵਾਹ ਵਾਹ ਖੱਟੀ। ਲੰਬਾ ਸਮਾਂ ਚੱਲੇ ਇਸ ਸਮਾਗਮ ਵਿੱਚ ਪ੍ਰਿੰਸੀਪਲ ਜਗਦੀਸ਼ ਸਿੰਘ ਘਈ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ ਜਦੋਂ ਕਿ ਸ੍ਰੀ ਸੁਰਿੰਦਰਪ੍ਰੀਤ ਘਣੀਆਂ, ਪ੍ਰੋ. ਤਰਸੇਮ ਨਰੂਲਾ, ਅਤਰਜੀਤ ਕਹਾਣੀਕਾਰ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਹਾਜ਼ਰ ਹੋਏ। ਸਮੁੱਚੇ ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਬਿਕਰਮਜੀਤ ਸਿੰਘ ਸਿੱਧੂ ਦੁਆਰਾ ਕੀਤੀ ਗਈ। ਹਾਜਰ ਅਦਬੀ ਹਸਤੀਆਂ ਦੇ ਵਿੱਚੋਂ ਪ੍ਰਧਾਨਗੀ ਮੰਡਲ 'ਚ ਬਿਰਾਜਮਾਨ ਅਦੀਬਾਂ ਨੇ ਵਰਤਮਾਨ ਸਿਆਸੀ ਢਾਂਚੇ 'ਤੇ ਨਿੱਘਰਦੀ ਜਾ ਰਹੀ ਹੈ ਸਮਾਜਿਕ ਵਿਵਸਥਾ 'ਤੇ ਚਿੰਤਾ ਜ਼ਾਹਰ ਕਰਦਿਆਂ ਸਾਹਿਤਕਾਰਾਂ ਨੂੰ ਨਿਡਰਤਾ ਨਾਲ ਸਿਰਜਣਾ ਲਈ ਪ੍ਰੇਰਿਤ ਕੀਤਾ। ਹਾਜ਼ਰ ਸ਼ਾਇਰਾਂ, ਲੇਖਕਾਂ ਨੂੰ ਜਗਦੀਪ ਗਿੱਲ ਨੇ ਜੀ ਆਇਆਂ ਆਖਿਆ ਅਤੇ ਪ੍ਰਧਾਨ ਜਨਕ ਰਾਜ ਜਨਕ ਨੇ ਹਾਜ਼ਰ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਤਰਸੇਮ ਸਿੰਘ ਬੁੱਟਰ ਨੇ ਬਾਖੂਬੀ ਕੀਤਾ। ਸਮਾਗਮ ਨੂੰ ਸਫਲ ਬਣਾਉਣ ਲਈ ਸ੍ਰੀ ਜਨਕ ਰਾਜ ਜਨਕ, ਅਮਰਜੀਤ ਜੀਤ, ਰਣਜੀਤ ਸਿੰਘ ਬਰਾੜ, ਮਾਸਟਰ ਮਨਦੀਪ ਸਿੰਘ, ਲਛਮਣ ਭਾਗੀਵਾਂਦਰ, ਸੁਖਮਿੰਦਰ ਭਾਗੀਵਾਂਦਰ, ਬਲਵਿੰਦਰ ਸਿੰਘ ਬਾਘਾ, ਰਘਵੀਰ ਸਿੰਘ ਮਾਨ, ਜਗਦੀਪ ਗਿੱਲ, ਡਾ. ਗੁਰਨਾਮ ਸਿੰਘ ਖੋਖਰ, ਬਲਵੀਰ ਸਿੰਘ ਸਨੇਹੀ, ਗੁਰਦੀਪ ਗੋਂਦਾਰਾ, ਗੁਰਜੰਟ ਸਿੰਘ ਸੋਹਲ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਆਮ ਆਦਮੀ ਪਾਰਟੀ ਨੇ ਫੂਕਿਆ ਮੋਦੀ ਸਰਕਾਰ ਦਾ ਪੁਤਲਾ

## ਕਿਸਾਨੀ ਸੰਘਰਸ਼ ਤੋਂ ਡਰੀ ਭਾਜਪਾ ਬੁਖਲਾ ਗਈ ਹੈ - ਬੀਬੀ ਮਾਣੂੰਕੇ



**ਜਗਰਾਓਂ/ਲੋਕ ਬਾਣੀ**

ਮੋਦੀ ਸਰਕਾਰ ਦੇ ਗੁੰਡਿਆਂ ਵੱਲੋਂ ਉਤਰ ਪ੍ਰਦੇਸ਼ ਦੇ ਲਖੀਮਪੁਰ ਵਿੱਚ ਸੰਘਰਸ਼ ਕਰ ਰਹੇ ਕਿਸਾਨਾਂ ਉਪਰ ਗੱਡੀ ਚਾੜ੍ਹਕੇ ਸ਼ਹੀਦ ਕੀਤੇ ਜਾਣ ਦੇ ਰੋਸ ਵਜੋਂ ਆਮ ਆਦਮੀ ਪਾਰਟੀ ਵੱਲੋਂ ਬੀਬੀ ਸਰਵਜੀਤ ਕੌਰ ਮਾਣੂੰਕੇ ਦੀ ਅਗਵਾਈ ਹੇਠ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਪਿੱਟ ਸਿਆਪਾ ਕਰਦੇ ਹੋਏ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਬੋਲਦੇ ਹੋਏ ਪਾਰਟੀ ਦੇ ਕੌਮੀ ਆਗੂ ਅਤੇ ਉਪ ਨੇਤਾ ਵਿਰੋਧੀ ਧਿਰ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਆਖਿਆ ਕਿ ਦੇਸ਼ ਦੇ ਕਿਸਾਨ ਅਤੇ ਮਜ਼ਦੂਰ ਕਾਲੇ ਖੇਤੀ ਕਾਨੂੰਨ ਰੱਦ ਕਰਨ ਲਈ 11 ਮਹੀਨੇ ਤੋਂ ਸੜਕਾਂ ਤੇ ਸੰਘਰਸ਼ ਕਰਨ ਲਈ ਮਜ਼ਬੂਰ ਹਨ ਅਤੇ ਸੈਂਕੜੇ ਕਿਸਾਨ ਸ਼ਹੀਦ ਹੋ ਗਏ ਹਨ, ਫਿਰ ਵੀ ਕਿਸਾਨਾਂ ਦੇ ਹੌਸਲੇ ਬੁਲੰਦ ਹਨ ਤੇ ਕਾਲੇ ਕਾਨੂੰਨ ਰੱਦ ਕਰਵਾਉਣ ਲਈ ਡਟੇ ਹੋਏ ਹਨ। ਕਿਸਾਨਾਂ ਦੇ ਸਿਰੜੀ ਸੰਘਰਸ਼ ਤੋਂ ਡਰੀ ਹੋਈ ਭਾਜਪਾ ਸਰਕਾਰ ਬੁਰੀ ਤਰ੍ਹਾਂ ਨਾਲ ਬੁਖਲਾ ਗਈ ਹੈ ਅਤੇ ਨਿਹੱਥੇ ਕਿਸਾਨਾਂ ਦੀ ਕਤਲੋ-ਗਾਰਦ ਉਪਰ ਉਤਾਰ ਆਈ ਹੈ ਤੇ ਮੋਦੀ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਫਿਰ ਨੰਗਾ ਹੋ ਗਿਆ ਹੈ। ਜਿਸ ਕਾਰਨ ਪੂਰੇ ਦੇਸ਼ ਅੰਦਰ ਤਿੱਖੇ ਰੋਸ ਦੀ ਲਹਿਰ ਦੌੜ ਗਈ ਹੈ। ਉਤਰ ਪ੍ਰਦੇਸ਼ ਦੀ ਭੂਤਰੀ ਹੋਈ ਭਾਜਪਾ ਸਰਕਾਰ ਨੇ ਜਿੱਥੇ ਦੋਸ਼ੀਆਂ ਉਪਰ ਪਰਚਾ ਦਰਜ਼ ਕੀਤਾ ਹੈ, ਉਥੇ ਸਵਿਧਾਨ ਅਨੁਸਾਰ ਆਪਣੇ ਹੱਕਾਂ ਲਈ ਧਰਨਾਂ ਦੇ ਰਹੇ ਕਿਸਾਨਾਂ ਉਪਰ ਵੀ ਪਰਚਾ ਦਰਜ ਕੀਤਾ ਗਿਆ ਹੈ, ਜੋ ਕਿ ਬਹੁਤ ਹੀ ਮੰਦਭਾਗਾ ਹੈ। ਉਹਨਾਂ ਮੰਗ ਕੀਤੀ ਕਿ ਯੂਪੀ ਦੇ ਮੰਤਰੀ ਅਤੇ ਉਸਦੇ ਪੁੱਤਰ ਸਮੇਤ ਸਾਰੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਜ਼ੇਲ ਵਿੱਚ ਡੱਕਿਆ ਜਾਵੇ। ਬੀਬੀ ਮਾਣੂੰਕੇ ਨੇ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ ਕਿਸਾਨਾਂ ਤੇ ਮਜ਼ਦੂਰਾਂ ਦੇ ਨਾਲ ਚੱਟਾਨ ਵਾਂਗ ਖੜੀ ਹੈ ਅਤੇ ਉਹਨਾਂ ਦੇ ਹੱਕਾਂ ਲਈ ਚੱਲ ਰਹੀ ਲੜਾਈ ਉਹਨਾਂ ਪੂਰਾ ਸਾਥ ਦੇਵੇਗੀ।

ਇਸ ਮੌਕੇ ਪ੍ਰੋਫੈਸਰ ਸੁਖਵਿੰਦਰ ਸਿੰਘ ਸੁੱਖੀ, ਛਿੰਦਰਪਾਲ ਸਿੰਘ ਮੀਨੀਆਂ, ਤਰਸੇਮ ਸਿੰਘ ਅਲੀਗੜ੍ਹ, ਸੋਹਣੀ ਸਿੰਘ, ਜਗਦੇਵ ਸਿੰਘ ਗਿੱਦੜਪਿੰਡੀ, ਕਾਕਾ ਕੋਠੇ ਅੱਠ ਚੱਕ, ਜਸਵਿੰਦਰ ਸਿੰਘ ਨਾਨਕ ਨਗਰੀ, ਬਲਵੀਰ ਸਿੰਘ ਲੱਖਾ, ਦਿਲਬਾਗ ਸਿੰਘ ਕੋਠੇ ਰਾਹਲਾਂ, ਮਨਪ੍ਰੀਤ ਸਿੰਘ, ਸੁਰਿੰਦਰ ਸਿੰਘ ਲੱਖਾ ਗੁਰਨਾਮ ਸਿੰਘ ਕਮਾਲਪੁਰਾ, ਦਵਿੰਦਰ ਸਿੰਘ ਕਮਾਲਪੁਰਾ, ਆਦਿ ਵੀ ਹਾਜ਼ਰ ਸਨ।

# ਲੋਕ ਭਲਾਈ ਸਮਾਜ ਸੇਵੀ ਸੰਸਥਾ ਹਰ ਪਲ ਸੇਵਾ ਨੂੰ ਸਮਰਪਿਤ : ਸੰਗੀਤ ਗਰਗ

## ਸੇਵਾ ਹੀ ਸਭ ਤੋਂ ਵੱਡਾ ਧਰਮ : ਵਿਸ਼ਾਲ ਲੈਹਰੀ

**ਰਾਮਾਂ ਮੰਡੀ/ਅਨਿਲ ਜੈਨ**

ਸ਼ਹਿਰ ਦੀ ਮੋਹਰੀ ਸਮਾਜ ਸੇਵੀ ਸੰਸਥਾ ਲੋਕ ਭਲਾਈ ਸੇਵਾ ਸੰਮਤੀ ਵੱਲੋਂ ਕਰੋਨਾ ਵੈਕਸੀਨ ਦਾ 10ਵਾਂ ਫ੍ਰੀ ਕੈਂਪ ਸ੍ਰੀ ਅਗਰਵਾਲ ਪੀਰਖਾਨਾ ਰਾਮਾਂ ਵਿਖੇ ਲਗਾਇਆ ਗਿਆ, ਜਿਸ ਦੀ ਸੁਰੂਆਤ ਰਾਮਾਂ ਮੰਡੀ ਦੇ ਸਮਾਜਸੇਵੀ ਸੰਗੀਤ ਗਰਗ ਲੋਹੇ ਵਾਲਿਆਂ ਨੇ ਕੇ ਕੀਤੀ, ਵੈਕਸੀਨ ਕੈਂਪ ਵਿੱਚ 371 ਲੋਕਾਂ ਦੇ ਕੋਵਾਸਿਲਡ ਵੈਕਸੀਨ ਦੀ ਪਹਿਲੀ ਅਤੇ [illegible] ਡੋਜ ਲਗਾਈ ਗਈ, ਇਸ ਮੌਕੇ ਸਮਾ[illegible]ਗੀਤ ਗਰਗ ਜੀ ਨੇ ਕਿਹਾ ਕਿ ਲੋਕ ਭਲਾਈ ਸੇਵਾ ਸੰਮਤੀ ਅਜਿਹੀ ਸੰਸਥਾ ਹੈ ਜੋਂ ਲੋਕ ਭਲਾਈ ਦੇ ਕੰਮਾਂ ਵਿੱਚ ਕਾਫੀ ਲੰਮੇ ਸਮੇਂ ਤੋਂ ਆਪਣੀ ਸੇਵਾ ਨਿਭਾ ਰਹੀ ਹੈ ਜੋ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ। ਸੰਸਥਾ ਵਲੋਂ ਜੋਂ ਕਾਫੀ ਸਮੇਂ ਤੋਂ ਬੇਜੁਬਾਨਾਂ ਦਾ ਇਲਾਜ ਜੋ ਕਿ ਆਵਦਾ ਦੁਖ ਦਰਦ ਕਿਸੇ ਨੂੰ ਬੋਲ ਕੇ ਨਹੀਂ ਦਸ ਸਕਦੇ ਅਤੇ ਉਹਨਾਂ ਨੂੰ ਹਰਾ ਚਾਰਾ ਦੀ ਸੇਵਾ ਨਿਭਾ ਰਹੀ ਹੈ ਬਹੁਤ ਹੀ ਸਲਾਘਾਯੋਗ ਕੰਮ ਹੈ ਅਤੇ ਸੰਸਥਾਂ ਵਲੋਂ ਜੋ ਖੂਨਦਾਨ ਕੈਂਪ ਲਗਾਏ ਜਾਂਦੇ ਹਨ ਬਹੁਤ ਹੀ ਧਰਮ ਅਤੇ ਪੁਨ ਦਾ ਕਾਰਜ ਹੈ ਅਤੇ ਲੋੜਵੰਦ ਪਰਿਵਾਰਾਂ ਨੂੰ ਰਾਸਨ ਕਿਟਾਂ ਦੇਨੀਆਂ ਬਹੁਤ ਹੀ ਵੱਡੀ ਸੇਵਾ ਹੈ। ਲੋਕ ਭਲਾਈ ਸੇਵਾ ਸੰਮਤੀ ਨੂੰ ਜਦੋਂ ਵੀ ਸਹਿਯੋਗ ਦੀ ਲੋੜ ਹੈ ਅਸੀ ਉਨਾਂ ਨਾਲ ਖੜੇ ਹਾਂ, ਇਸ ਮੌਕੇ ਉਹਨਾਂ ਨੇ ਕਿਹਾ ਕਿ ਲੋਕ ਭਲਾਈ ਸੇਵਾ ਸੰਮਤੀ ਕਾਫੀ ਸਮੇਂ ਤੋਂ ਖੂਨਦਾਨ ਕੈਂਪ ਲਗਾਉਦੀ ਹੈ, ਅੱਜ ਵੈਕਸੀਨ ਕੈਂਪ ਲਗਾਇਆ ਗਿਆ ਜੋ ਬਹੁਤ ਸਾਲਾਘਾ ਯੋਗ ਹੈ, ਜਿਹੜੇ ਲੋਕ ਵੈਕਸੀਨ ਤੋਂ ਰਹਿ ਜਾਂਦੇ ਹਨ ਉਨਾਂ ਦੀ ਸੇਵਾ ਵਿੱਚ ਕੈਂਪ ਲਗਾਇਆ ਗਿਆ। ਇਹ ਬਹੁਤ ਧਰਮ ਦਾ ਕੰਮ ਹੈ। ਇਸ ਮੌਕੇ ਸੰਸਥਾ ਦੇ ਪ੍ਰਧਾਨ ਵਿਸ਼ਾਲ ਲੈਹਰੀ ਨੇ ਕਿਹਾ ਕਿ ਲੋਕ ਭਲਾਈ ਦੇ ਕੰਮ ਰਾਮਾਂ ਮੰਡੀ ਦੇ ਰੱਬ ਰੂਪੀ ਦਾਨੀ ਸੱਜਣਾਂ ਦੇ ਸਹਿਯੋਗ ਅਤੇ ਕਲੱਬ ਮੈਂਬਰਾਂ ਦੇ ਸਹਿਯੋਗ ਨਾਲ ਕੀਤੇ ਜਾਂਦੇ ਹਨ। ਸਿਵਲ ਸਰਜਨ ਬਠਿੰਡਾ, ਰਾਮਾ ਮੰਡੀ ਦੇ ਐਸ ਐਮ ਓ ਮੈਡਮ ਅਲਕਾ ਗਰਗ ਜੀ, ਕਰੋਨਾ ਵੈਕਸੀਨ ਦੇ ਇੰਚਾਰਜ ਡਾਕਟਰ ਗੀਸੂ ਜੀ ਅਤੇ ਰਾਮਾ ਮੰਡੀ ਦੀ ਹੈਲਥ ਡਿਪਾਰਟਮੇਂਟ ਟੀਮ ਦਾ ਕਲੱਬ ਵੱਲੋਂ ਵਿਸੇਸ ਧੰਨਵਾਦ ਕੀਤਾ ਗਿਆ। ਜਿਨਾਂ ਨੇ ਵੈਕਸੀਨ ਲਗਾਉਣ ਦਾ ਮੌਕਾ ਦਿੱਤਾ ਤਾਂ ਜੋ ਸੰਸਥਾ ਵਲੋਂ ਸੇਵਾ ਨਿਭਾਈ ਗਈ, ਇਸ ਮੌਕੇ ਸੰਸਥਾ ਦੇ ਪ੍ਰਧਾਨ ਵਿਸ਼ਾਲ ਲੈਹਰੀ ਨੇ ਅਗਰਵਾਲ ਪੀਰਖਾਨਾ ਦੇ ਸਮਾਜਸੇਵੀ ਪ੍ਰਧਾਨ ਤਰਸੇਮ ਲੈਹਰੀ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਵੈਕਸੀਨ ਕੈਂਪ ਵਿੱਚ ਸਹਿਯੋਗ ਦੇਣ ਲਈ ਅਤੇ ਉਹਨਾਂ ਨੇ ਕਿਹਾ ਕਿ ਸੰਸਥਾ ਜਦੋਂ ਵੀ ਸੇਵਾ ਲਈ ਕਹਿਣਗੇ ਉਹ ਸੇਵਾ ਲਈ ਹਮੇਸਾ ਤਿਆਰ ਹਨ ਅਤੇ ਸੰਸਥਾਂ ਦੇ ਸਮੂਹ ਮੈਂਬਰਾਂ ਦਾ ਵੀ ਧੰਨਵਾਦ ਕਰਦੇ ਹਾਂ ਜੋ ਸੰਸਥਾ ਦੇ ਕੰਮਾਂ ਵਿੱਚ ਹਮੇਸ਼ਾ ਅੱਗੇ ਰਹਿੰਦੇ ਹਨ ਅਤੇ ਸੰਸਥਾਂ ਨੂੰ ਹਮੇਸਾ ਸਹਿਯੋਗ ਦੇਣ ਲਈ ਤਿਆਰ ਰਹਿੰਦੇ ਹਨ। ਇਸ ਮੌਕੇ ਵਕੀਲ ਸਿੰਘ, ਮੈਡਮ ਭਾਵਨਾ, ਮੈਡਮ ਰੇਖਾ ਰਾਣੀ, ਹੈਲਥ ਵਰਕਰ ਮਨਦੀਪ, ਮੁਨੀਸ਼ ਸਿੰਗਲਾ, ਅਕਾਸ ਯਾਦਵ, ਮੁਨੀਸ ਗਰਗ, ,ਮਿੰਕੂ ਗਰਗ, ਸਿਮਰਨ ਰੋਮਾਨਾ, ਰੋਵਿਨ ਗਰਗ, ਉਮਕਾਤੰ, ਸਹਾਰਾ ਐਂਬੁਲੈਂਸ ਪਾਇਲਟ ਬੁੱਟਾ ਸਿੰਘ, ਲੰਗਰ ਕਮੇਟੀ ਦੇ ਪ੍ਰਧਾਨ ਵਿੱਕੀ ਸੇਨੀ ਆਦਿ ਹਾਜ਼ਰ ਸਨ।







# ਜ਼ਿਲ੍ਹਾ ਲੁਧਿਆਣਾ ਵਿੱਚ ਅੱਜ ਫੇਰ 5966 ਸੈਂਪਲ ਲਏ, ਮਰੀਜ਼ਾਂ ਦੇ ਠੀਕ ਹੋਣ ਦੀ ਦਰ 97.58% ਹੋਈ

**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਅੱਜ ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਦਿਨ ਵਿੱਚ ਸ਼ੱਕੀ ਮਰੀਜ਼ਾਂ ਦੇ 5966 ਸੈਂਪਲ ਲਏ ਗਏ।

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਕੁੱਲ 87548 ਮਰੀਜ਼ਾਂ ਵਿਚੋਂ 97.58% (85431 ਕੋਵਿਡ ਪੋਜ਼ਟਿਵ ਮਰੀਜ਼) ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਕੁਝ ਹੋਰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਦੋ ਵੀ ਕੋਈ ਵਿਅਕਤੀ ਦੇ ਕੋਵਿਡ-19 ਦੇ ਪੀੜਤ ਹੋਣ ਜਾਂ ਸ਼ੱਕ ਬਾਰੇ ਪਤਾ ਲੱਗਦਾ ਹੈ ਤਾਂ ਤੁਰੰਤ ਉਸ ਦੇ ਸੈਂਪਲ ਜਾਂਚ ਲਈ ਭੇਜੇ ਜਾਂਦੇ ਹਨ। ਇਨ੍ਹਾਂ ਸੈਂਪਲਾਂ ਦੀ ਗਿਣਤੀ ਰੋਜ਼ਾਨਾ ਸੈਕੜਿਆਂ ਵਿੱਚ ਹੈ। ਇਸੇ ਤਰ੍ਹਾਂ ਅੱਜ ਵੀ 5966 ਸ਼ੱਕੀ ਵਿਅਕਤੀਆਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ ਅਤੇ ਜਲਦ ਹੀ ਉਨ੍ਹਾਂ ਦੇ ਨਤੀਜੇ ਮਿਲਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 14 ਪੋਜ਼ਟਿਵ ਮਰੀਜ਼ ਹਨ। ਜ਼ਿਲ੍ਹੇ ਵਿੱਚ ਹੁਣ ਤੱਕ ਤੰਦਰੁਸਤ ਹੋਏ ਮਰੀਜ਼ਾਂ ਦੀ ਸੰਖਿਆ 85425 ਹੋ ਗਈ ਹੈ।

ਉਨ੍ਹਾਂ ਕਿਹਾ ਕਿ ਕੋਵਿਡ-19 ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਕੁੱਲ 4 ਮਰੀਜ਼ (3 ਜ਼ਿਲ੍ਹਾ ਲੁਧਿਆਣਾ ਅਤੇ 1 ਬਾਹਰਲੇ ਜ਼ਿਲ੍ਹੇ/ਰਾਜ ਨਾਲ ਸਬੰਧਤ ਹੈ) ਪੋਜ਼ਟਿਵ ਪਾਏ ਗਏ ਹਨ।

ਉਨ੍ਹਾਂ ਕਿਹਾ ਕਿ ਹੁਣ ਤੱਕ ਕੁੱਲ 2543088 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚੋਂ 2443857 ਨਮੂਨੇ ਨੈਗਟਿਵ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਲੁਧਿਆਣਾ ਨਾਲ ਸਬੰਧਤ ਕੁਲ ਮਰੀਜ਼ਾਂ ਦੀ ਗਿਣਤੀ 87548 ਹੈ, ਜਦਕਿ 11683 ਮਰੀਜ਼ ਦੂਜੇ ਜ਼ਿਲ੍ਹਿਆਂ/ਰਾਜਾਂ ਨਾਲ ਸਬੰਧਤ ਹਨ।

ਉਨ੍ਹਾਂ ਕਿਹਾ ਕਿ ਹੁਣ ਕੋਰੋਨਾ ਤੋਂ ਪੀੜਤ ਮਰੀਜ਼ਾਂ ਦੀ ਮੌਤ ਦੀ ਕੁੱਲ ਗਿਣਤੀ ਲੁਧਿਆਣਾ ਤੋਂ 2103 ਅਤੇ 1052 ਦੂਜੇ ਜ਼ਿਲਿਆਂ ਨਾਲ ਸਬੰਧਤ ਹਨ।

ਸ੍ਰੀ ਸ਼ਰਮਾ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ, ਜਿਸ ਨਾਲ ਉਹ ਨਾ ਸਿਰਫ ਆਪ ਸੁਰੱਖਿਅਤ ਰਹਿਣਗੇ, ਬਲਕਿ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਵੀ ਯੋਗਦਾਨ ਪਾਉਣਗੇ।

# ਸਾਬਕਾ ਕੇਂਦਰੀ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕੀਤਾ ਤਲਵੰਡੀ ਸਾਬੋ ਆਕਸੀਜਨ ਪਲਾਂਟ ਦਾ ਉਦਘਾਟਨ

## ਬੂਸਟਰ ਪ੍ਰੋਜੈਕਟ ਲਈ ਤੀਹ ਲੱਖ ਰੁਪਏ ਗਰਾਂਟ ਦੇਣ ਦਾ ਕੀਤਾ ਐਲਾਨ



**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਬਠਿੰਡਾ ਲੋਕ ਸਭਾ ਹਲਕਾ ਤੋਂ ਸੰਸਦ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਨੇ ਅੱਜ ਇੱਥੇ ਉਪ ਮੰਡਲ ਪੱਧਰ ਦੇ ਸਿਵਲ ਹਸਪਤਾਲ ਵਿੱਚ ਲੱਗੇ ਆਕਸੀਜਨ ਪਲਾਂਟ ਦਾ ਉਦਘਾਟਨ ਕਰਕੇ ਆਕਸੀਜਨ ਸਿਲੰਡਰ ਭਰਨ ਲਈ ਤੀਹ ਲੱਖ ਰੁਪਏ ਦੀ ਲਾਗਤ ਨਾਲ ਬੂਸਟਰ ਪ੍ਰੋਜੈਕਟ ਲਗਾਉਣ ਦਾ ਐਲਾਨ ਕੀਤਾ।

ਦੱਸਣਯੋਗ ਹੈ ਕਿ ਕਰੋਨਾ ਮਹਾਂਮਾਰੀ ਦੇ ਸਿਖ਼ਰ ਹੁੰਦਿਆਂ ਮਰੀਜਾਂ ਨੂੰ ਆਕਸੀਜਨ ਦੀ ਵੱਡੀ ਘਾਟ ਨੂੰ ਦੇਖਦਿਆਂ ਹਲਕਾ ਇੰਚਾਰਜ ਜੀਤਮੁਹਿੰਦਰ ਸਿੰਘ ਸਿੰਘ ਸਿੱਧੂ ਦੀ ਬੇਨਤੀ 'ਤੇ ਸਾਂਸਦ ਹਰਸਿਮਰਤ ਕੌਰ ਬਾਦਲ ਨੇ ਸਥਾਨਕ ਸਿਵਲ ਹਸਪਤਾਲ ਵਿੱਚ ਪੰਜ ਜੂਨ 2021 ਨੂੰ ਆਕਸੀਜਨ ਪਲਾਂਟ ਦਾ ਨੀਂਹ ਪੱਥਰ ਰੱਖ ਕੇ ਐੱਮ ਪੀ ਕੋਟੇ ਵਿੱਚੋਂ 75 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਸੀ। ਪੀਐੱਸਏ ਪਲਾਂਟ ਦਾ ਕਾਰਜ ਮੁਕੰਮਲ ਹੋਣ 'ਤੇ ਅੱਜ ਸੰਸਦ ਮੈਂਬਰ ਨੇ ਇਸਦਾ ਉਦਘਾਟਨ ਕੀਤਾ ਤੇ ਪਲਾਂਟ ਬਾਰੇ ਅਧਿਕਾਰੀਆਂ ਤੋਂ ਜਾਣਕਾਰੀ ਪ੍ਰਾਪਤ ਕੀਤੀ।

ਉਦਘਾਟਨ ਉਪਰੰਤ ਹਰਸਿਮਰਤ ਕੌਰ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਦ ਕਰੋਨਾ ਮਹਾਂਮਾਰੀ ਸਿਖ਼ਰਾਂ 'ਤੇ ਸੀ ਤੇ ਲੋਕ ਇਸ ਬੀਮਾਰੀ ਨਾਲ ਮਰ ਰਹੇ ਸਨ ਤਾਂ ਉਸ ਸਮੇਂ ਪੰਜਾਬ ਸਰਕਾਰ ਜਨਤਾ ਨੂੰ ਸਿਹਤ ਸਹੂਲਤਾਂ ਦੇਣ ਵਿੱਚ ਨਾਕਾਮ ਹੋਈ ਅਤੇ ਆਪਣੇ ਫਰਜ਼ਾਂ ਤੋਂ ਭੱਜ ਕੇ ਲੋਕਾਂ ਨੂੰ ਰੱਬ ਆਸਰੇ ਛੱਡ ਦਿੱਤਾ ਸੀ। ਬੀਬੀ ਬਾਦਲ ਨੇ ਕਿਹਾ ਕਿ ਇਸ ਔਖੀ ਘੜੀ ਵਿੱਚ ਲੋਕਾਂ ਨੂੰ ਬਚਾਉਣ ਲਈ ਉਨ੍ਹਾਂ ਇਹ ਪ੍ਰੋਜੈਕਟ ਲਗਾਉਣ ਦਾ ਉਨ੍ਹਾਂ ਫੈਸਲਾ ਲਿਆ ਸੀ।ਇਸ ਪਲਾਂਟ ਦੇ ਚਾਲੂ ਹੋਣ ਨਾਲ ਇਸ ਇਲਾਕੇ ਨੂੰ ਵੱਡਾ ਫ਼ਾਇਦਾ ਹੋਵੇਗਾ। ਸੰਸਦ ਮੈਂਬਰ ਨੇ ਦੱਸਿਆ ਕਿ ਉਕਤ ਪਲਾਂਟ ਇੱਕ ਮਿੰਟ ਵਿੱਚ ਢਾਈ ਸੌ ਲੀਟਰ ਆਕਸੀਜਨ ਤਿਆਰ ਕਰਦਾ ਹੈ ਤੇ ਇਸਦੀ 25 ਸੌ ਲੀਟਰ ਆਕਸੀਜਨ ਜਮ੍ਹਾਂ ਰੱਖਣ ਦੀ ਸਮਰੱਥਾ ਹੈ। ਉਨ੍ਹਾਂ ਕਿਹਾ ਕਿ ਹਸਪਤਾਲ ਦੇ ਹਰ ਬੈੱਡ ਨੂੰ ਚਾਹੇ ਪਾਈਪ ਲਾਈਨ ਰਾਹੀਂ ਆਕਸੀਜਨ ਪਲਾਂਟ ਨਾਲ ਜੋੜਿਆ ਗਿਆ ਹੈ। ਲੇਕਿਨ ਆਕਸੀਜਨ ਸਿਲੰਡਰ ਦੀ ਸੁਵਿਧਾ ਦੇਣ ਲਈ ਜਲਦੀ ਹੀ ਪਲਾਂਟ ਵਿੱਚੋਂ ਸਿਲੰਡਰ ਭਰਨ ਵਾਸਤੇ ਤੀਹ ਲੱਖ ਰੁਪਏ ਦੀ ਲਾਗਤ ਨਾਲ ਬੂਸਟਰ ਪ੍ਰੋਜੈਕਟ ਲਾਇਆ ਜਾ ਰਿਹਾ ਹੈ। ਹਲਕਾ ਇੰਚਾਰਜ ਜੀਤਮੁਹਿੰਦਰ ਸਿੰਘ ਸਿੱਧੂ ਨੇ ਉਕਤ ਪਲਾਂਟ ਇਸ ਇਲਾਕੇ ਨੂੰ ਦੇਣ 'ਤੇ ਬੀਬੀ ਹਰਸਿਮਰਤ ਕੌਰ ਬਾਦਲ ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਬੀਬੀ ਬਾਦਲ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ। ਜਿੱਥੇ ਤਖ਼ਤ ਸਾਹਿਬ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਿਰਪਾਓ ਭੇਟ ਕੀਤਾ। ਇਸ ਮੌਕੇ ਉਨ੍ਹਾਂ ਹਲਕਾ ਪ੍ਰਧਾਨ ਜਸਵਿੰਦਰ ਸਿੰਘ ਜੈਲਦਾਰ, ਅਵਤਾਰ ਮੈਨੂੰਆਣਾ, ਸੁਖਬੀਰ ਸਿੰਘ ਚੱਠਾ, ਰਾਮਪਾਲ ਮਲਕਾਣਾ, ਸਰਪੰਚ ਗੁਲਜ਼ਾਰ ਸਿੰਘ ਪੱਪੂ, ਰਣਜੀਤ ਸਿੰਘ ਮਲਕਾਣਾ ਆਦਿ ਆਗੂ ਤੇ ਵਰਕਰ ਸ਼ਾਮਲ ਸਨ।

### ਐਸ.ਸੀ. ਕਮਿਸ਼ਨ ਵੱਲੋਂ ਐਸ.ਐਸ.ਪੀ. ਜਗਰਾਂਓ ਤੋਂ 16 ਨੂੰ ਰਿਪੋਰਟ 'ਤਲਬ' ਕਰਨ ਦਾ ਮਾਮਲਾ

# ਦਾਖਾ ਦੀ ਔਰਤ ਦੀ ਕੀਤੀ ਕੁੱਟਮਾਰ ਦਾ ਪੁਲਿਸ 'ਤੇ ਇੱਕ ਪਾਸੜ ਕਾਰਵਾਈ ਦਾ ਕੇਸ ਪੁੱਜਾ ਕਮਿਸ਼ਨ ਕੋਲ



**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਅਨੁਸੂਚਿਤ ਜਾਤੀ ਸ਼੍ਰੇਣੀ ਨਾਲ ਸਬੰਧਤ ਦਾਖਾ ਦੀ ਪੀੜ੍ਹਤ ਬੀਬੀ ਹਰਿੰਦਰ ਕੌਰ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਐਸ.ਐਸ.ਪੀ. ਜਗਰਾਂਓ ਨੂੰ ਨੋਟਿਸ ਜਾਰੀ ਕਰਕੇ ਸਬੰਧਤ ਮਾਮਲੇ 'ਚ 16 ਅਕਤੂਬਰ 2021 ਨੂੰ ਐਸ.ਐਸ.ਪੀ. ਜਗਰਾਂਓ ਤੋਂ ਰਿਪੋਰਟ ਤਲਬ ਕਰ ਲਈ ਹੈ।

ਅੱਜ ਸਥਾਨਕ ਸਰਕਟ ਹਾਊਸ ਵਿਖੇ ਸੱਦੇ ਪੱਤਰਕਾਰ ਸੰਮੇਲਨ 'ਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਡਾ. ਤਰਸੇਮ ਸਿੰਘ ਸਿਆਲਕਾ ਨੇ ਦੱਸਿਆ ਕਿ ਹਰਿੰਦਰ ਕੌਰ ਪਤਨੀ ਮਲਕੀਤ ਸਿੰਘ ਵਾਸੀ ਦਾਖਾ ਨੇ ਇੱਕ ਸ਼ਿਕਾਇਤ ਕਮਿਸ਼ਨ ਨੂੰ ਸੌਂਪਦੇ ਹੋਏ ਉੱਚ ਜਾਤੀ ਦੇ ਵਿਅਕਤੀ ਵੱਲੋਂ ਔਰਤ ਦੀ ਕੁੱਟਮਾਰ ਕਰਨ ਅਤੇ ਜਾਤੀ ਤੌਰ ਤੇ ਗਾਲੀ ਗਲੋਚ ਕਰਨ ਦੇ ਦੋਸ਼ ਲਗਾਏ ਹਨ। ਸ਼ਿਕਾਇਤਕਰਤਾ ਨੇ ਸਥਾਨਕ ਪੁਲਿਸ ਵੱਲੋਂ ਪੱਖਪਾਤ ਕਰਨ ਦਾ ਮਾਮਲਾ ਵੀ ਕਮਿਸ਼ਨ ਦੇ ਧਿਆਨ ਵਿੱਚ ਲਿਆਂਦਾ ਹੈ। ਉਨ੍ਹਾ ਦੱਸਿਆ ਕਿ ਕਮਿਸ਼ਨ ਦੇ ਧਿਆਨ ਵਿੱਚ ਆਇਆ ਹੈ ਕਿ ਪੁਲਿਸ ਨੇ ਪੀੜਤ ਧਿਰ ਦੀ ਸੁਣਵਾਈ ਕਰਨ ਦੀ ਬਜਾਏ, ਪੀੜਤ ਧਿਰ 'ਤੇ ਹੀ ਮੁਕੱਦਮਾ ਦਰਜ ਕਰ ਦਿੱਤਾ ਹੈ। ਕਮਿਸ਼ਨ ਦੇ ਮੈਂਬਰ ਨੇ ਦੱਸਿਆ ਕਿ ਉਕਤ ਮਾਮਲੇ ਵਿੱਚ ਪੀੜਤ ਪਰਿਵਾਰ ਦੀ ਸੁਣਵਾਈ ਕਰਨ ਲਈ ਨੋਟਿਸ ਜਾਰੀ ਕਰਦਿਆਂ 16 ਅਕਤੂਬਰ, 2021 ਨੂੰ ਐਸ.ਐਸ.ਪੀ. ਜਗਰਾਂਓ ਤੋਂ ਸਟੇਟਸ ਰਿਪੋਰਟ ਤਲਬ ਕਰ ਲਈ ਗਈ ਹੈ।

# ਪੋਸ਼ਣ ਅਭਿਆਨ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਖਰਾਣਾ 'ਚ ਕਰਵਾਏ ਚਾਰਟ ਮੁਕਾਬਲੇ



**ਮੋਗਾ/ਦਵਿੰਦਰ ਸਿੰਘ ਬਿੱਟੂ**

ਸਮਾਜਿਕ ਸੁੱਖਿਆ ਇਸਤਰੀ ਅਤੇ ਬਾਲ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਦੀ ਦੇਖਰੇਖ 'ਚ ਜ਼ਿਲੇ ਵਿਚ ਮਨਾਏ ਗਏ ਪੋਸ਼ਣ ਮਹੀਨੇ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਖਰਾਣਾ ਵਿਖੇ ਵਿਦਿਆਰਥੀਆਂ ਦੇ ਚਾਰਟ ਮੁਕਾਬਲੇ ਕਰਵਾਏ ਗਏ ਅਤੇ ਇਹਨਾਂ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਸਟੇਟ ਐਵਾਰਡੀ ਲੈਕਚਰਾਰ ਇੰ: ਪ੍ਰਿੰਸੀਪਲ ਤੇਜਿੰਦਰ ਸਿੰਘ ਜਸ਼ਨ ਨੇ ਨਕਦ 100-100 ਰੁਪਏ ਇਨਾਮ ਦੇ ਕੇ ਜੇਤੂ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਉਤਸ਼ਾਹਿਤ ਕੀਤਾ। ਇਨਾਮ ਵੰਡਣ ਦੀਆਂ ਰਸਮਾਂ ਪ੍ਰੌਜੈਕਟ ਕੋਆਰਡੀਨੇਟਰ ਸੁਖਵਿੰਦਰ ਕੌਰ ਨੇ ਨਿਭਾਈਆਂ। ਇਸ ਮੌਕੇ ਸਮੁੱਚਾ ਸਟਾਫ਼ ਮੌਜੂਦ ਸੀ। ਇਸ ਮੌਕੇ ਤੇਜਿੰਦਰ ਸਿੰਘ ਜਸ਼ਨ ਨੇ ਵਿਦਿਆਰਥੀਆਂ ਨੂੰ ਪੌਸ਼ਟਿਕ ਭੋਜਨ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੌਸ਼ਟਿਕ ਭੋਜਨ ਸਾਰਿਆਂ ਲਈ ਬੇਹੱਦ ਜ਼ਰੂਰੀ ਹੈ ਕਿਉਂਕਿ ਹੁਣ ਦੀ ਉਮਰ ਵਿਚ ਖਾਧੀ ਖ਼ੁਰਾਕ ਨਾਲ ਉਹਨਾਂ ਦਾ ਕੱਦ ਅਤੇ ਸਰੀਰ ਵਿਚ ਵਾਧਾ ਹੋਣ ਦੇ ਨਾਲ ਨਾਲ ਹੱਡੀਆਂ ਵੀ ਮਜਬੂਤ ਹੁੰਦੀਆਂ ਹਨ। ਉਹਨਾਂ ਆਖਿਆ ਕਿ ਬੱਚੇ ਅਤੇ ਕਿਸ਼ੋਰ ਕਿਸ਼ੋਰੀਆਂ ਨੂੰ ਦੁੱਧ, ਦਹੀਂ, ਦਾਲਾਂ, ਹਰੀਆਂ ਸਬਜ਼ੀਆਂ ਅਤੇ ਫ਼ਲ ਆਦਿ ਰੋਜ਼ਾਨਾ ਖਾਣੇ ਚਾਹੀਦੇ ਹਨ ਤਾਂ ਕਿ ਉਹਨਾਂ ਦੇ ਸਰੀਰ ਨੂੰ ਲੋੜੀਂਦੇ ਸਾਰੇ ਖ਼ੁਰਾਕੀ ਤੱਤ ਪੂਰੇ ਹੋ ਸਕਣ। ਉਹਨਾਂ ਆਖਿਆ ਵਿਦਿਆਰਥੀ ਤੰਦਰੁਸਤ ਜੀਵਨ ਜਿਉਣ ਲਈ ਪੌਸ਼ਟਿਕ ਖ਼ੁਰਾਕ ਦੇ ਨਾਲ ਨਾਲ ਰੋਜ਼ਾਨਾ ਕਸਰਤ ਕਰਨ ਦਾ ਨਿਯਮ ਵੀ ਬਣਾਉਣ।

# ਕੇਜਰੀਵਾਲ ਵਲੋਂ ਦਿੱਤੀ ਸਿਹਤ ਪ੍ਰਤੀ ਦੂਸਰੀ ਗਰੰਟੀ ਪੰਜਾਬੀਆਂ ਲਈ ਵਰਦਾਨ : ਇੰਡੀਅਨ



**ਕਪੂਰਥਲਾ/ਪਰਮਜੀਤ ਸੰਨੀ**

ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਦੁਆਰਾ ਦਿੱਤੀ ਗਈ ਸਿਹਤ ਪ੍ਰਤੀ ਦੂਸਰੀ ਗਰੰਟੀ ਪੰਜਾਬੀਆਂ ਲਈ ਵਰਦਾਨ ਹੈ। ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਗੁਰਪਾਲ ਸਿੰਘ ਇੰਡੀਅਨ ਨੇ ਪੱਤਰਕਾਰਾਂ ਨਾਲ ਕੀਤਾ। ਇੰਡੀਅਨ ਨੇ ਕਿਹਾ ਕੇ ਸੂਬੇ ਅੰਦਰ ਪੰਜਾਬ ਸਰਕਾਰ ਦੀਆਂ ਅਣਗਹਿਲੀਆਂ ਕਾਰਨ ਪੰਜਾਬ ਵਾਸੀ ਗੰਭੀਰ ਬਿਮਾਰੀਆਂ ਦੀ ਲਪੇਟ 'ਚ ਆਉਣ ਕਾਰਨ ਪੰਜਾਬੀਆਂ ਦੇ ਸਿਰ ਲੱਖਾਂ ਰੁਪਏ ਦਾ ਬੋਝ ਪੈ ਜਾਂਦਾ ਹੈ, ਸੂਬੇ ਦੇ ਲੋਕਾਂ ਦੀ ਮੁੱਖ ਲੋੜ ਨੂੰ ਸਮਝਦੇ ਹੋਏ ਇਸ ਸਬੰਧ 'ਚ ਅਰਵਿੰਦ ਕੇਜਰੀਵਾਲ ਨੇ ਸੂਬੇ ਦੇ ਲੋਕਾਂ ਨੂੰ ਗਾਰੰਟੀ ਦੇ ਕੇ ਕਿਹਾ ਹੈ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਂਦੇ ਹੀ ਹਰ ਤਰ੍ਹਾਂ ਦਾ ਇਲਾਜ ਦਿੱਲੀ ਦੀ ਤਰਜ 'ਤੇ ਮੁਫਤ ਕੀਤਾ ਜਾਵੇਗਾ। ਪਿੰਡਾਂ 'ਚ ਦਿੱਲੀ ਸਰਕਾਰ ਦੇ ਮੁਹੱਲਾ ਕਲੀਨਿਕ ਦੀ ਤਰਜ ਤੇ ਹਰ ਪਿੰਡ ਵਿਚ ਕਲੀਨਿਕ ਖੋਲ੍ਹੇ ਜਾਣਗੇ ਅਤੇ ਇਨ੍ਹਾਂ 'ਚ ਯੋਗ ਡਾਕਟਰਾਂ ਦੀ ਨਿਯੁਕਤੀ ਕੀਤੀ ਜਾਵੇਗੀ, ਹਰੇਕ ਤਰ੍ਹਾਂ ਦੇ ਲੈਬ ਟੈਸਟ ਵੀ ਫ੍ਰੀ ਕੀਤੇ ਜਾਣਗੇ ਜਿਸ 'ਚ ਹਰ ਤਰ੍ਹਾਂ ਦੀ ਦਵਾਈ ਵੀ ਦਿੱਤੀ ਜਾਵੇਗੀ ਉਨ੍ਹਾਂ ਕਿਹਾ ਕਿ ਸੂਬੇ ਅੰਦਰ ਸਰਕਾਰ 'ਤੇ ਹਸਪਤਾਲਾਂ 'ਚ ਸਪੈਸਲਿਸਟ ਡਾਕਟਰਾਂ ਦੀ ਨਿਯੁਕਤੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸਿਹਤ ਗਾਰੰਟੀ ਕਿਸੇ ਇਕ ਵਰਗ ਲਈ ਨਹੀਂ ਬਲਕਿ ਪੂਰੇ ਪੰਜਾਬ ਵਾਸੀਆਂ ਲਈ ਬਿਨਾਂ ਭੇਦਭਾਵ ਤੋਂ ਕੀਤੀ ਜਾਵੇਗੀ। ਇਸ ਮੌਕੇ ਹਲਕਾ ਇੰਚਾਰਜ ਮੰਜੂ ਰਾਣਾ, ਜ਼ਿਲ੍ਹਾ ਪ੍ਰਧਾਨ ਵਪਾਰ ਮੰਡਲ ਕੰਵਰ ਇਕਬਾਲ ਸਿੰਘ, ਜ਼ਿਲ੍ਹਾ ਯੂਥ ਵਿੰਗ ਸਕੱਤਰ ਕਰਨਵੀਰ ਦੀਕਸ਼ਿਤ, ਬਲਾਕ ਪ੍ਰਧਾਨ ਮਨਿੰਦਰ ਸਿੰਘ, ਸੋਸਲ ਮੀਡੀਆ ਇੰਚਾਰਜ ਹਰਸਿਮਰਨ ਸਿੰਘ ਹੈਰੀ, ਗੌਰਵ ਕੰਡਾ, ਗੋਬਿੰਦ ਸਿੰਘ, ਯਸ਼ਪਾਲ ਆਜ਼ਾਦ, ਸੰਦੀਪ ਕਾਂਤ, ਆਦਿ ਹਾਜਰ ਸਨ।

# ਪਠਾਨਕੋਟ 'ਆਪ' ਨੇ ਯੂ.ਪੀ. ਵਿਚ ਕਿਸਾਨਾਂ ਨਾਲ ਹੋਈ ਘਟਨਾ ਦੇ ਰੋਸ ਵਜੋਂ ਵੱਖ-ਵੱਖ ਥਾਵਾਂ 'ਤੇ ਫੂਕੇ ਮੋਦੀ ਸਰਕਾਰ ਦੇ ਪੁਤਲੇ

**ਪਠਾਨਕੋਟ/ਸੁਖਵਿੰਦਰ ਜੰਡੀਰ**

ਕੁਝ ਦਿਨ ਪਹਿਲਾਂ ਯੂ ਪੀ ਵਿਚ ਕਿਸਾਨਾਂ ਵੱਲੋਂ ਸ਼ਾਂਤਮਈ ਢੰਗ ਨਾਲ ਦਿੱਤੇ ਜਾ ਰਹੇ ਧਰਨੇ ਦੌਰਾਨ ਕੇਂਦਰੀ ਮੰਤਰੀ ਦੇ ਪੁੱਤਰ ਵੱਲੋਂ ਕਿਸਾਨਾਂ ਉੱਤੇ ਗੱਡੀ ਚੜ੍ਹਾਉਣ ਦੀ ਘਟਨਾ ਨੂੰ ਲੈ ਕੇ ਪੂਰੇ ਦੇਸ਼ ਵਿੱਚ ਵੱਖ ਵੱਖ ਥਾਵਾਂ ਤੇ ਯੂ ਪੀ ਸਰਕਾਰ ਤੇ ਕੇਂਦਰ ਸਰਕਾਰ ਤੇ ਰੋਸ ਕੀਤਾ ਜਾ ਰਿਹਾ ਹੈ ਤੇ ਯੂ ਪੀ ਸਰਕਾਰ ਤੇ ਮੋਦੀ ਸਰਕਾਰ ਦੇ ਪੁਤਲੇ ਫੂਕੇ ਜਾ ਰਹੇ ਹਨ ਅਤੇ ਕਿਸਾਨਾਂ ਨਾਲ ਹੋਈ ਇਸ ਘਟਨਾ ਲਈ ਦੋਸ਼ੀਆਂ ਤੇ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਇਸੇ ਕੜੀ ਵਿੱਚ ਜਿਲਾ ਪਠਾਨਕੋਟ ਵਿੱਚ ਵੀ "ਆਪ" ਲੀਡਰਸ਼ਿਪ ਪਠਾਨਕੋਟ ਵੱਲੋਂ ਪਠਾਨਕੋਟ ਸੁਜਾਨਪੁਰ ਭੋਆ ਆਦਿ ਵੱਖ ਵੱਖ ਥਾਵਾਂ ਤੇ ਇਸ ਘਟਨਾ ਤੇ ਰੋਸ ਕਰਦੇ ਹੋਏ ਕੇਂਦਰ ਸਰਕਾਰ ਤੇ ਯੂ ਪੀ ਸਰਕਾਰ ਦੇ ਪੁਤਲੇ ਫੂਕੇ ਗਏ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਐੱਸ ਸੀ ਵਿੰਗ ਪੰਜਾਬ ਪ੍ਰਧਾਨ ਲਾਲਚੰਦ ਕਟਾਰੂਚੱਕ ਜ਼ਿਲ੍ਹਾ ਪ੍ਰਧਾਨ ਕੈਪਟਨ ਸੁਨੀਲ ਗੁਪਤਾ



ਯੁਵਾ ਨੇਤਾ ਦਲਵੀਰ ਸੈਣੀ ਆਦਿ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨਾਂ ਵੱਲੋਂ ਲੰਮੇ ਸਮੇਂ ਤੋਂ ਧਰਨੇ ਦਿੱਤੇ ਜਾ ਰਹੇ ਹਨ ਤੇ ਇਸੇ ਕੜੀ ਵਿੱਚ ਯੂਪੀ ਵਿੱਚ ਵੀ ਕਿਸਾਨਾਂ ਵੱਲੋਂ ਸ਼ਾਂਤਮਈ ਢੰਗ ਨਾਲ ਧਰਨਾ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ ਜਿਥੇ ਕੇਂਦਰੀ ਮੰਤਰੀ ਦੇ ਪੁੱਤਰ ਵੱਲੋਂ ਧਰਨੇ ਚ ਬੈਠੇ ਕਿਸਾਨਾਂ ਉੱਤੇ ਗੱਡੀ ਚੜ੍ਹਾ ਦਿੱਤੀ ਗਈ ਜਿਸ ਵਿੱਚ ਕਿਸਾਨਾਂ ਸਮੇਤ ਅੱਠ ਲੋਕਾਂ ਦੀ ਮੌਤ ਹੋ ਗਈ ਉਨ੍ਹਾਂ ਕਿਹਾ ਕਿ ਯੂਪੀ ਸਰਕਾਰ ਦੀ ਅਜਿਹੀ ਘਟਨਾ ਬਿਲਕੁਲ ਨਿੰਦਣਯੋਗ ਹੈ ਜਿਸ ਲਈ ਵੱਖ ਵੱਖ ਥਾਵਾਂ ਤੇ ਆਮ ਆਦਮੀ ਪਾਰਟੀ ਵੱਲੋਂ ਕੇਂਦਰ ਸਰਕਾਰ ਤੇ ਯੂਪੀ ਸਰਕਾਰ ਦੇ ਪੁਤਲੇ ਫੂਕੇ ਗਏ ਹਨ ਇਸ ਮੌਕੇ ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨਾਲ ਅਜਿਹੀ ਘਟਨਾ ਕਰਨ ਵਾਲੇ ਦੋਸ਼ੀਆਂ ਤੇ ਯੂ ਪੀ ਸਰਕਾਰ ਤੇ ਕੇਂਦਰ ਸਰਕਾਰ ਬਣਦੀ ਕਾਰਵਾਈ ਕਰੇ ਤੇ ਕਿਸਾਨਾਂ ਨਾਲ ਇਨਸਾਫ ਕਰਦੇ ਹੋਏ ਉਨ੍ਹਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਵੇ ਇਸ ਮੌਕੇ ਪਠਾਨਕੋਟ ਆਪ ਪਾਰਟੀ ਦੀ ਲੀਡਰਸ਼ਿਪ ਸਹਿਤ ਆਪ ਪਾਰਟੀ ਦੇ ਹੋਰ ਵਰਕਰ ਮੌਜੂਦ ਸਨ।

# ਵਾਰਡ ਨੰ 7 ਦੇ ਲੋਕਾਂ ਨੇ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਕੀਤੀ ਅਪੀਲ

## ਕਿਹਾ-ਨਰਕ ਭਰੀ ਜ਼ਿੰਦਗੀ ਤੋਂ ਛੁਟਕਾਰਾ ਦਿਵਾਉਣ ਲਈ ਠੋਸ ਕਦਮ ਚੁੱਕੇ ਜਾਣ



**ਰਾਮਾਂ ਮੰਡੀ/ਅਨਿਲ ਜੈਨ**

ਸਥਾਨਕ ਵਾਰਡ ਨੰਬਰ 7 ਵਿੱਚ ਪਿਛਲੇ ਕਈ ਦਿਨਾਂ ਤੋਂ ਸੀਵਰੇਜ ਦੇ ਓਵਰਫਲੋ ਹੋਣ ਕਾਰਨ ਸੀਵਰੇਜ ਦਾ ਪਾਣੀ ਸੜਕ ਤੇ ਜਮ੍ਹਾਂ ਹੋਣ ਕਾਰਨ ਲੋਕ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਾਰਡ ਦੇ ਵਸਨੀਕਾਂ ਨੇ ਕਿਹਾ ਕਿ ਨਗਰ ਕੌਂਸਲ ਚੋਣਾਂ ਤੋਂ ਠੀਕ ਪਹਿਲਾਂ ਸੱਤਾਧਾਰੀ ਆਗੂਆਂ ਨੇ ਵਾਰਡ ਦੇ ਵਿਕਾਸ ਲਈ ਵੱਡੇ-ਵੱਡੇ ਦਾਅਵੇ ਕੀਤੇ ਸਨ, ਪਰ ਚੋਣਾਂ ਤੋਂ ਬਾਅਦ ਆਗੂ ਆਪਣੇ ਵਾਅਦੇ ਭੁੱਲ ਗਏ, ਸਥਾਨਕ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਮਾਮਲਾ ਕਈ ਵਾਰ ਨਗਰ ਕੌਂਸਲ ਪ੍ਰਧਾਨ ਅਤੇ ਕੌਂਸਲ ਅਧਿਕਾਰੀਆਂ ਕੋਲ ਉਠਾਇਆ ਹੈ, ਉਸ ਤੋਂ ਬਾਅਦ ਵੀ ਉਨ੍ਹਾਂ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਕੀਤਾ ਗਿਆ। ਲੋਕਾਂ ਨੇ ਦੱਸਿਆ ਕਿ ਸੀਵਰੇਜ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਗੰਦਾ ਪਾਣੀ ਸੜਕ 'ਤੇ ਇਕੱਠਾ ਹੋ ਜਾਂਦਾ ਹੈ, ਜਿਸ ਕਾਰਨ ਲੋਕਾਂ ਦਾ ਘਰਾਂ ਤੋਂ ਬਾਹਰ ਨਿਕਲਣਾ ਮੁਸਕਲ ਹੋ ਗਿਆ ਹੈ, ਜਦੋਂ ਕਿ ਸੜਕ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ ਜਿਸ ਕਾਰਨ ਕਿਸੇ ਵੇਲੇ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ। ਸਥਾਨਕ ਲੋਕਾਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਮੰਗ ਕੀਤੀ ਕਿ ਉਹ ਖੁਦ ਇਸ ਮਾਮਲੇ ਵੱਲ ਧਿਆਨ ਦੇਣ ਅਤੇ ਲੋਕਾਂ ਨੂੰ ਨਜਰ ਅੰਦਾਜ ਕਰਨ ਵਾਲੇ ਦੋਸੀ ਅਧਿਕਾਰੀਆਂ ਵਿਰੁੱਧ ਸਖਤ ਕਾਰਵਾਈ ਕਰਨ।

# ਐਮ.ਪੀ. ਡਾ.ਅਮਰ ਸਿੰਘ ਲਖੀਮਪੁਰ ਖੀਰੀ ਘਟਨਾ 'ਤੇ ਬੀ.ਜੇ.ਪੀ. 'ਤੇ ਵਰ੍ਹੇ

## ਕਿਹਾ-ਸ਼ਹੀਦ ਹੋਏ ਕਿਸਾਨਾਂ ਦੇ ਕਾਤਲਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ



**ਰਾਏਕੋਟ (ਲੁਧਿਆਣਾ)/ਕਰਨ ਅਗਰਵਾਲ**

ਉੱਤਰ ਪ੍ਰਦੇਸ਼ ਦੇ ਲਖਮੀਪੁਰ ਖੀਰੀ ਵਿਖੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਵਿਰੋਧੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ 'ਤੇ ਸਰਕਾਰ ਦੀ ਸ਼ਹਿ ਤੇ ਭਾਜਪਾ ਦੇ ਇੱਕ ਮੰਤਰੀ ਦੇ ਪੁੱਤਰ ਵੱਲੋਂ ਗੱਡੀ ਚੜ੍ਹਾ ਕੇ ਦਰੜ ਦੇਣਾ ਮੰਦਭਾਗੀ ਘਟਨਾਂ ਹੈ, ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਪਾਰਲੀਮੈਂਟ ਮੈਂਬਰ ਡਾ. ਅਮਰ ਸਿੰਘ ਨੇ ਜਾਰੀ ਕੀਤੇ ਪ੍ਰੈਸ ਨੋਟ ਰਾਹੀਂ ਕੀਤਾ ਹੈ।

ਉਨ੍ਹਾਂ ਮੰਗ ਕੀਤੀ ਕਿ ਇਸ ਘਟਨਾਂ 'ਚ ਸ਼ਹੀਦ ਹੋਏ ਕਿਸਾਨਾਂ ਦੇ ਕਾਤਲਾਂ 'ਤੇ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਉਨ੍ਹਾਂ ਨੂੰ ਜਲਦ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਡੱਕਿਆ ਜਾਵੇ। ਐਮ.ਪੀ. ਡਾ. ਅਮਰ ਸਿੰਘ ਨੇ ਕਿਹਾ ਕਿ ਸਾਡੇ ਦੇਸ਼ ਦੇ ਕਿਸਾਨ ਪਿਛਲੇ ਤਕਰੀਬਨ 11 ਮਹੀਨਿਆਂ ਤੋਂ ਖੇਤੀ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਦੇ ਬਾਰਡਰਾਂ ਤੋਂ ਇਲਾਵਾ ਵੱਖ-ਵੱਖ ਥਾਵਾਂ 'ਤੇ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਪਰ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਦੀ ਮੰਗਾਂ ਸੁਣਨ ਦੀ ਬਜਾਏ ਆਪਣਾ ਅੜੀਅਲ ਰਵੱਈਆ ਅਪਣਾ ਰਹੀ ਹੈ, ਜਿਸ ਕਾਰਨ ਜਿੱਥੇ ਦੇਸ਼ ਦਾ ਅੰਨਦਾਤਾ ਸੜਕਾਂ 'ਤੇ ਰਾਤਾਂ ਗੁਜ਼ਾਰਨ ਲਈ ਮਜ਼ਬੂਰ ਹੈ, ਉੱਥੇ 900 ਤੋਂ ਵਧੇਰੇ ਕਿਸਾਨ ਸ਼ਹੀਦੀਆਂ ਵੀ ਪਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਨਾਲ ਧੱਕਾ ਅਤੇ ਜੁਲਮ ਕਰਕੇ ਜਿੱਥੇ ਦੇਸ਼ ਦਾ ਮਾਹੌਲ ਖਰਾਬ ਕਰ ਰਹੀ ਹੈ, ਉੱਥੇ ਦੇਸ਼ ਨੂੰ ਕਾਰਪੋਰੇਟ ਘਰਾਂਣਿਆਂ ਦਾ ਗੁਲਾਮ ਬਣਾਉਣ ਵਿੱਚ ਵੀ ਲੱਗੀ ਹੋਈ ਹੈ। ਡਾ. ਅਮਰ ਸਿੰਘ ਨੇ ਕਿਹਾ ਕਿ ਜੇਕਰ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਦੀ ਭਲਾਈ ਚਾਹੁੰਦੀ ਹੈ ਤਾਂ ਤੁਰੰਤ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੇਵੇ ਅਤੇ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰੇ!

# ਨਾਮਵਰ ਸੁਰੀਲੀ ਗਾਇਕਾ ਗੁਰਜੀਤ ਤਲਵੰਡੀ ਸਾਬੋ ਦਾ ਗੀਤ, 'ਫੇਰ ਤਾਂ ਰੱਬ ਹੀ ਰਾਖਾ' ਖ਼ੂਬ ਚਰਚਾ ਵਿਚ




**ਚੰਡੀਗੜ/ਪ੍ਰੀਤਮ ਲੁਧਿਆਣਵੀ**

5 ਅਕਤੂਬਰ, 2021 : ਲੋਕ ਤੱਥ ਗਾਉਣ ਵਾਲੀ ਸੁਪ੍ਰਸਿੱਧ ਗਾਇਕਾ ਬੀਬਾ ਗੁਰਜੀਤ ਤਲਵੰਡੀ ਸਾਬੋ ਆਮ ਲੋਕਾਂ ਦੇ ਬੁੱਲਾਂ ਤੇ ਚੜਿ ਆ ਹੋਇਆ ਇੱਕ ਚਰਚਿਤ ਨਾਂਅ ਹੈ, ਜਿਸਦਾ ਹੁਣੇ ਹੀ, 'ਫੇਰ ਤਾਂ ਰੱਬ ਹੀ ਰਾਖਾ' ਰਿਕਾਰਡ ਹੋਇਆ ਗੀਤ ਯੂ-ਟਿਊਬ 'ਤੇ ਮਾਰਕੀਟ ਵਿੱਚ ਵਾਇਰਲ ਹੋਇਆ ਕਾਫੀ ਸਰਗਰਮੀਆਂ ਫੜ ਰਿਹਾ ਹੈ। ਕਾਬਲੇ ਤਾਰੀਫ ਇਸ ਗੀਤ ਦੀਆਂ ਸਤਰਾਂ ਲਿਖੀਆਂ ਹਨ ਸਿਰਕੱਢ ਗੀਤਕਾਰ ਮੀਤ ਸਕਰੌਦੀ ਨੇ।ਇਸੇ ਕਲਮ ਤੋਂ ਲਿਖਿਆ ਦੂਜਾ ਗੀਤ ਵੀ ਜਲਦੀ ਹੀ ਇਸ ਸੁਰੀਲੀ ਗਾਇਕਾ ਵੱਲੋਂ ਸਰੋਤਿਆਂ ਦੀ ਝੋਲੀ ਵਿੱਚ ਪਾਇਆ ਜਾ ਰਿਹਾ ਹੈ। ਸਭਿਆਚਾਰਕ ਗਾਇਕੀ ਵਿੱਚ ਮੁਹਾਰਤ ਰੱਖਣ ਵਾਲੀ ਗੁਰਜੀਤ ਤਲਵੰਡੀ ਸਾਬੋ ਜਿੱਥੇ ਸਟੇਜਾਂ 'ਤੇ ਪੂਰੀ ਤਰਾਂ ਆਪਣੀ ਪਕੜ ਮਜਬੂਤ ਬਣਾਉਣ ਵਿੱਚ ਕਾਮਯਾਬ ਰਹਿੰਦੀ ਹੈ, ਉਥੇ ਲੋਕ ਤੱਥਾਂ ਦੀ ਰਿਕਾਰਡਿੰਗ ਵਿਚ ਵੀ ਫੁੱਲ ਬਟਾ ਫੁੱਲ ਨੰਬਰ ਲੈ ਜਾਂਦੀ ਹੈ। ਇਸ ਦੀ ਲੰਬੀ ਉਮਰ ਲਈ ਕਲਾ-ਪ੍ਰੇਮੀਆਂ ਦੀਆਂ ਸ਼ੁਭ ਕਾਮਨਾਵਾਂ ਤੇ ਦੁਆਵਾਂ ਹਮੇਸ਼ਾਂ ਇਸ ਗਾਇਕਾ ਦੇ ਨਾਲ ਹਨ।

# ਡੀ.ਸੀ. ਵੱਲੋਂ ਝੋਨੇ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਦਾਣਾ ਮੰਡੀ ਸਲੇਮ ਟਾਬਰੀ ਦਾ ਕੀਤਾ ਦੌਰਾ

## ਅਨਾਜ ਮੰਡੀਆਂ 'ਚ ਹੁਣ ਤੱਕ 11886 ਟਨ ਝੋਨੇ ਦੀ ਆਮਦ ਹੋ ਚੁੱਕੀ ਹੈ



**ਲੁਧਿਆਣਾ/ਕਰਨ ਅਗਰਵਾਲ**

ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਵੱਲੋਂ ਅੱਜ ਉਪ-ਮੰਡਲ ਮੈਜਿਸਟ੍ਰੇਟਾਂ (ਐਸ.ਡੀ.ਐਮਜ਼) ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ ਅਧਿਕਾਰ ਖੇਤਰ ਵਿੱਚ ਅਨਾਜ ਮੰਡੀਆਂ ਦਾ ਰੋਜ਼ਾਨਾ ਦੌਰਾ ਕਰਨ ਤਾਂ ਜੋ ਝੋਨੇ ਦੀ ਨਿਰਵਿਘਨ ਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਇਆ ਜਾ ਸਕੇ।

ਮੰਡੀਆਂ ਵਿੱਚ ਝੋਨੇ ਦੀ ਖਰੀਦ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਨੇ ਸਲੇਮ ਟਾਬਰੀ ਅਨਾਜ ਮੰਡੀ ਵਿੱਚ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ ਅਤੇ ਤਸੱਲੀ ਪ੍ਰਗਟਾਈ।

ਉਨ੍ਹਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਝੋਨੇ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇ ਅਤੇ ਬਿਨ੍ਹਾਂ ਕਿਸੇ ਦੇਰੀ ਚੁੱਕਿਆ ਵੀ ਜਾਵੇ।ਉਨ੍ਹਾਂ ਦੱਸਿਆ ਕਿ ਅੱਜ ਤੱਕ ਲੁਧਿਆਣਾ ਦੀਆਂ ਅਨਾਜ ਮੰਡੀਆਂ ਵਿੱਚ ਜਿੱਥੇ 11886 ਟਨ ਝੋਨੇ ਦੀ ਆਮਦ ਹੋ ਚੁੱਕੀ ਹੈ ਉਥੇ ਕਿਸਾਨਾਂ ਨੂੰ 4.20 ਕਰੋੜ ਰੁਪਏ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਅਨਾਜ ਦੀ ਢੁੱਕਵੀਂ ਲਿਫਟਿੰਗ ਲਈ ਵੀ ਸਰਬੋਤਮ ਯਤਨ ਕੀਤੇ ਜਾਣੇ ਚਾਹੀਦੇ ਹਨ ਅਤੇ ਕਿਹਾ ਕਿ ਰਾਜ ਸਰਕਾਰ ਖਰੀਦ ਦੇ 48 ਘੰਟਿਆਂ ਦੇ ਅੰਦਰ ਝੋਨੇ ਦੀ ਲਿਫਟਿੰਗ ਲਈ ਪਹਿਲਾਂ ਹੀ ਇੱਕ ਪ੍ਰਭਾਵਸ਼ਾਲੀ ਵਿਧੀ ਤਿਆਰ ਕਰ ਚੁੱਕੀ ਹੈ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਯਕੀਨੀ ਬਣਾਉਣ ਦੇ ਵੀ ਪ੍ਰਬੰਧ ਕੀਤੇ ਗਏ ਹਨ ਕਿ ਕਿਸਾਨਾਂ ਨੂੰ ਅਨਾਜ ਦੀ ਅਦਾਇਗੀ ਵੀ ਇੱਕ ਨਿਰਧਾਰਤ ਸਮੇਂ ਦੇ ਅੰਦਰ ਕੀਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਅਨਾਜ ਮੰਡੀਆਂ ਵਿੱਚ ਆਪਣੀ ਉਪਜ ਵੇਚਣ ਲਈ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਸ੍ਰੀ ਸ਼ਰਮਾ ਨੇ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਲਈ ਸ਼ੈੱਡ, ਪੀਣ ਯੋਗ ਪਾਣੀ ਦੀ ਸਪਲਾਈ ਅਤੇ ਖਰੀਦ ਕੇਂਦਰਾਂ ਵਿੱਚ ਝੋਨੇ ਦੀ ਗੁਣਵੱਤਾ ਦੀ ਨਿਗਰਾਨੀ ਲਈ ਉਪਕਰਣ ਸਮੇਤ ਢੁੱਕਵੇਂ ਪ੍ਰਬੰਧ ਯਕੀਨੀ ਬਣਾਏ ਗਏ ਹਨ।

ਉਨ੍ਹਾਂ ਕਿਹਾ ਕਿ ਲੁਧਿਆਣਾ ਦੀਆਂ 108 ਨਿਯਮਤ ਅਨਾਜ ਮੰਡੀਆਂ ਤੋਂ ਇਲਾਵਾ, ਪ੍ਰਸ਼ਾਸ਼ਨ ਨੇ 94 ਆਰਜ਼ੀ ਯਾਰਡ ਅਤੇ ਮਿੱਲਾਂ ਵਿੱਚ 203 ਮੰਡੀ ਯਾਰਡਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ ਤਾਂ ਜੋ ਮੰਡੀਕਰਨ ਦੌਰਾਨ ਸਮਾਜਕ ਦੂਰੀ ਬਣਾਈ ਰੱਖਣ ਲਈ ਮੰਡੀਆਂ ਵਿੱਚ ਭੀੜ ਨੂੰ ਘਟਾਇਆ ਜਾ ਸਕੇ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਨਮੀ ਰਹਿਤ ਅਨਾਜ ਮੰਡੀ ਵਿੱਚ ਲਿਆਉਣ ਅਤੇ ਝੋਨੇ ਦੀ ਪਰਾਲੀ ਨੂੰ ਸਾੜ੍ਹਨ ਤੋਂ ਪ੍ਰਹੇਜ਼ ਕਰਨ, ਜਿਸ ਨਾਲ ਵਾਤਾਵਰਣ ਨੂੰ ਵੱਡਾ ਖ਼ਤਰਾ ਪੈਦਾ ਹੁੰਦਾ ਹੈ।

ਕਿਸਾਨਾਂ ਨਾਲ ਗੱਲਬਾਤ ਦੌਰਾਨ, ਉਨ੍ਹਾਂ ਖਰੀਦ ਕਾਰਜਾਂ ਬਾਰੇ ਪੁੱਛਿਆ ਅਤੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੋਣ 'ਤੇ ਖੁੱਲ ਕੇ ਦੱਸਿਆ ਜਾਵੇ ਤਾਂ ਜੋ ਉਸਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡੀ.ਐਮ.ਓ ਦਵਿੰਦਰ ਸਿੰਘ, ਡੀ.ਐਫ.ਐਸ.ਸੀ. ਹਰਵੀਨ ਕੌਰ ਅਤੇ ਹੋਰ ਵੀ ਹਾਜ਼ਰ ਸਨ।

# ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਯੂਥ ਇਕਾਈ ਚੋਹਲਾ ਸਾਹਿਬ ਵੱਲੋਂ ਨਸਿਆਂ ਖਿਲਾਫ ਰੋਸ ਮਾਰਚ ਕੱਢਿਆ



**ਚੋਹਲਾ ਸਾਹਿਬ/ਮਨਜੀਤ ਸੰਧੂ, ਭਗਤ ਸਿੰਘ ਸੰਧੂ**

ਪੰਜਾਬ ਦੀ ਜਵਾਨੀ ਦਿਨੋਂ ਦਿਨ ਨਸਿਆਂ ਦੀ ਦਲਦਲ ਵਿੱਚ ਫਸਦੀ ਜਾ ਰਹੀ ਹੈ ਪਰ ਇਹਨਾਂ ਨੂੰ ਬਚਾਉਣ ਦੇ ਬਹੁਤ ਘੱਟ ਯਤਨ ਕੀਤੇ ਜਾ ਰਹੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਯੂਥ ਇਕਾਈ ਚੋਹਲਾ ਸਾਹਿਬ ਵੱਲੋਂ ਪਿੰਡ ਚੋਹਲਾ ਸਾਹਿਬ ਵਿਖੇ ਨਸਿਆਂ ਖਿਲਾਫ ਰੋਸ ਰੈਲੀ ਕੱਢਣ ਮੌਕੇ ਯੂਥ ਇਕਾਈ ਦੇ ਪ੍ਰਧਾਨ ਰਤਨ ਸਿੰਘ ਨੇ ਹਾਜਰੀਨ ਨੂੰ ਸੰਬੋਧਨ ਕਰਨ ਸਮੇਂ ਕੀਤਾ।ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸਿਆਂ ਨੂੰ ਤਿਆਗਕੇ ਆਪਣੀ ਹੀਰੇ ਵਰਗੀ ਜਿੰਦਗੀ ਨੂੰ ਬਚਾਉਣ।ਉਹਨਾਂ ਕਿਹਾ ਕਿ ਅੱਜ ਉਹਨਾਂ ਦੀ ਯੂਨੀਅਨ ਵੱਲੋਂ ਅੱਜ ਨੌਜਵਾਨਾਂ ਦੇ ਸਹਿਯੋਗ ਨਾਲ ਚੋਹਲਾ ਸਾਹਿਬ ਦੇ ਬਜਾਰ ਅਤੇ ਪਿੰਡ ਦੀਆਂ ਵੱਖ ਵੱਖ ਗਲੀਆਂ ਵਿੱਚ ਨਸਿਆਂ ਖਿਲਾਫ ਰੋਸ ਰੈਲੀ ਕੱਢੀ ਗਈ ਹੈ ਜਿਸ ਵਿੱਚ ਪਿੰਡ ਦੇ ਅਤੇ ਆਸ ਪਾਸ ਦੇ ਨੌਜਵਾਨਾਂ ਨੇ ਵੱਧ ਚੜਕੇ ਹਿੱਸਾ ਲਿਆ ਹੈ।ਉਹਨਾਂ ਪ੍ਰਸਾਸਨ ਅੱਗੇ ਗੁਹਾਰ ਲਗਾਈ ਕਿ ਉਹ ਨਸਾ ਤਸਕਰਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਨ ਤਾਂ ਜ਼ੋ ਪੰਜਾਬ ਦੀ ਜਵਾਨੀ ਬਚਾਈ ਜਾ ਸਕੇ।ਇਸ ਸਮੇਂ ਸਰਬਜੀਤ ਸਿੰਘ ਸੀ.ਮੀਤ ਪ੍ਰਧਾਨ,ਗੁਰਚਰਨ ਸਿੰਘ ਮਸਕਟ,ਬਲਵਿੰਦਰ ਸਿੰਘ ਮੈਂਬਰ,ਲਖਬੀਰ ਸਿੰਘ ਸਰਪੰਚ ਚੋਹਲਾ ਸਾਹਿਬ,ਦਵਿੰਦਰ ਸਿੰਘ ਯੂਥ ਪ੍ਰਧਾਨ,ਧਰਮਪ੍ਰੀਤ ਸਿੰਘ,ਕਰਨਬੀਰ ਸਿੰਘ,ਦਲਵਿੰਦਰ ਸਿੰਘ,ਗੁਰਸਾਬ ਸਿੰਘ,ਕੁਲਵਿੰਦਰ ਸਿੰਘ,ਗੁਰਜਿੰਦਰ ਸਿੰਘ ਮੈਂਬਰ,ਦਾਰਾ ਸਿੰਘ,ਜਗਜੀਤ ਸਿੰਘ,ਜੱਜ ਸਿੰਘ ਮੈਂਬਰ,ਮਨਮੋਹਨ ਸਿੰਘ ਪਹਿਲਵਾਨ,ਕੁਲਦੀਪ ਸਿੰਘ ਕਾਲਾ,ਕਾਰਜ ਸਿੰਘ ਸੈਕਟਰੀ ਆਦਿ ਹਾਜਰ ਸਨ।

# ਆਦਮੀ ਪਾਰਟੀ ਨੇ ਪਿੰਡ ਲਾਂਬਾ ਚੌਕ ਵਿਖੇ ਪੁਤਲਾ ਫੂਕ ਰੋਸ ਮੁਜਾਹਰਾ ਕੀਤਾ



**ਭੋਗਪੁਰ/ਸੁਖਵਿੰਦਰ ਜੰਡੀਰ**

ਪਿੰਡ ਲਾਂਬਾ ਚੌਕ ਵਿੱਚ ਲਖੀਮਪੁਰ ਖੇੜੀ ਵਿਖੇ ਸਹੀਦ ਹੋਏ ਕਿਸਾਨਾਂ ਦੇ ਦੋਸੀਆਂ ਨੂੰ ਸਜਾ ਦਿਵਾਉਣ ਲਈ ਮੈਡਮ ਮਨਦੀਪ ਨੋਤਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ ਮੋਦੀ ਸਰਕਾਰ ਖਿਲਾਫ ਜਮਕੇ ਮੁਰਦਾਬਾਦ ਕੀਤੀ ਗਈ।ਇਸ ਮੌਕੇ ਤੇ ਮਨਦੀਪ ਨੋਤਾ ਦੀ ਟੀਮ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ ਅਤੇ ਮਨਦੀਪ ਨੋਤਾ ਮੈਡਮ ਨੇ ਬੋਲਦੇ ਹੋਏ ਕਿਹਾ ਕਿ ਲਖੀਮਪੁਰ ਵਿਚ ਹੋਈ ਦਰਦਨਾਕ ਘਟਨਾ ਜਿਸ ਵਿੱਚ ਮੋਦੀ ਸਰਕਾਰ ਵੱਲੋਂ ਧਰਨੇ ਤੇ ਬੈਠੇ ਕਿਸਾਨਾਂ ਨੂੰ ਗੱਡੀ ਨਾਲ ਕੁਚਲ ਦਿੱਤਾ ਗਿਆ। ਇਸ ਬਾਰੇ ਰੋਸ ਪ੍ਰਗਟ ਕਰਦੇ ਹੋਏ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਜੰਮ ਕੇ ਨਾਅਰੇਬਾਜੀ ਕੀਤੀ ਗਈ,ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਲਈ ਇਹ ਬਹੁਤ ਹੀ ਮਾੜੀ ਗੱਲ ਹੈ। ਉਨ੍ਹਾਂ ਕਿਹਾ ਕਿ ਇਸ ਦਰਦਨਾਕ ਘਟਨਾ ਦਾ ਉਨ੍ਹਾਂ ਨੂੰ ਬਹੁਤ ਹੀ ਅਫਸੋਸ ਹੈ।ਇਸ ਮੌਕੇ ਤੇ ਉਨ੍ਹਾਂ ਦੇ ਨਾਲ ਜੋਗਿੰਦਰਪਾਲ ਸ਼ਰਮਾ ਸੀਨੀਅਰ ਲੀਡਰ ਵਿਧਾਨ ਸਭਾ ਇੰਚਾਰਜ ਮਨਦੀਪ ਨੋਤਾ, ਹਰਜੀਤ ਕੌਰ, ਅੰਜਨਾ ਖੰਨਾ, ਸੀਤਾ ਨਿਰਮਲਾ, ਵਰਿੰਦਰ ਆਦਿ ਸ਼ਾਮਲ ਸਨ।

# ਬਿੱਗ ਬਿਲੀਅਨ ਡੇਜ ਦੇ ਨਾਲ ਫਲਿੱਪਕਾਰਟ ਹੋਲਸੇਲ ਲਿਆਇਆ ਕਰਿਆਨਾ ਅਤੇ ਰਿਟੇਲਰਾਂ ਲਈ ਤਿਉਹਾਰੀ ਬਹਾਰ

**ਅੰਮ੍ਰਿਤਸਰ/ਚੰਡੀਗੜ੍ਹ/ਲੁਧਿਆਣਾ/ਵਿਨੋਦ ਕੁਮਾਰ**

ਤਿਉਹਾਰੀ ਮੌਸਮ ਦੀ ਆਮਦ ਦੇਸ ਦੇ ਲੱਖਾਂ ਰਿਟੇਲਰਾਂ, ਕਰਿਆਨਾ ਅਤੇ ਛੋਟੇ ਕਾਰੋਬਾਰੀਆਂ ਦੇ ਲਈ ਖੁਸੀ ਦਾ ਸਬੱਬ ਬਣਨ ਜਾ ਰਹੀ ਹੈ ਕਿਉਂਕਿ ਫਲਿੱਪਕਾਰਟ ਗਰੁੱਪ ਦਾ 'ਦਿ ਬਿੱਗ ਬਿਲੀਅਨ ਡੇਜ' ਲਗਾਤਾਰ ਦੂਜੇ ਸਾਲ ਫਲਿੱਪਕਾਰਟ ਹੋਲਸੇਲ ਤੇ ਲਾਈਵ ਹੈ . ਇਹ ਅਨੋਖੀ ਸਲਾਨਾਂ ਸੇਲ 3 ਅਕਤੂਬਰ 2021 ਤੋਂ ਸੁਰੂ ਹੋ ਚੁੱਕੀ ਹੈ ਅਤੇ 10 ਅਕਤੂਬਰ, 2021 ਤੱਕ ਜਾਰੀ ਰਹੇਗੀ . ਬੈਸਟ ਪ੍ਰਾਈਸ ਕੈਸ ਐਂਡ ਕੈਰੀ ਸਟੋਰਾਂ ਅਤੇ ਫਲਿੱਪਕਾਰਟ ਹੋਲਸੇਲ ਤੇ ਜਾਰੀ ਇਸ ਬਿੱਗ ਬਿਲੀਅਨ ਡੇਜ ਸੇਲ ਦੇ ਆਕਰਸਕ ਆਫਰਾਂ ਦਾ ਲਾਭ 24 ਪ੍ਰਦੇਸਾਂ ਅਤੇ ਕੇਂਦਰ ਸਾਸਿਤ ਪ੍ਰਦੇਸਾਂ ਦੇ 15 ਲੱਖ ਨਾਲੋਂ ਜਿਆਦਾ ਕਰਿਆਨਾ ਕਾਰੋਬਾਰੀਆਂ ਨੂੰ ਹੋਵੇਗਾ ਜਿਹੜੇ ਉਤਪਾਦਾਂ ਦੀ ਵਿਸਤਰਿਤ ਰੇਂਜ ਵਿਚੋਂ ਚੋਣ ਕਰ ਸਕਣਗੇ . ਉਨ੍ਹਾਂ ਦੇ ਲਈ ਫੈਸਨ ਵਿਚ 4 ਲੱਖ ਨਾਲੋਂ ਜਿਆਦਾ, ਕਰਿਆਨਾ ਵਿਚ 13,500 ਰੁਪਏ ਅਤੇ ਆਮ ਵਸਤੂਆਂ ਵਿਚ 25,000 ਉਤਪਾਦ ਉਪਲਬਧ ਰਹਿਣਗੇ . ਇਸ ਸਾਲ ਬਿੱਗ ਬਿਲੀਅਨ ਡੇਜ ਤੇ ਕਰਿਆਨਾ ਅਤੇ ਰਿਟੇਲਰ ਜਿਆਦਾ ਮਾਰਜਿਨ ਪ੍ਰਾਪਤ ਕਰ ਸਕਣਗੇ, ਨਤੀਜਨ ਉਹ ਆਖਰੀ ਉਪਭੋਗਤਾਵਾਂ ਨੂੰ ਇਸਦਾ ਲਾਭ ਪਹੁੰਚਾ ਸਕਣਗੇ . ਬੈਸਟ ਪ੍ਰਾਈਸ ਦੇ ਮੈਂਬਰ ਬੈਸਟ ਪ੍ਰਾਈਸ ਸਟੋਰਾਂ ਵਿਚ ਆ ਕੇ ਜਾਂ ਫਲਿੱਪਕਾਰਟ ਹੋਲਸੇਲ ਐਪ ਤੋਂ ਸੁਵਿਧਾਪੂਰਵਕ ਆਰਡਰ ਕਰਕੇ ਵਿਭਿੰਨ ਉੱਚ ਕੁਆਲਿਟੀ ਉਤਪਾਦਾਂ ਤੇ ਬਿਹਤਰੀਨ ਡੀਲ ਦਾ ਲਾਭ ਲੈ ਸਕਦੇ ਹਨ . ਇਹ ਉਤਪਾਦ ਵਿਭਿੰਨ ਸ੍ਰੇਣੀਆਂ ਵਿਚ ਉਪਲਬਧ ਹਨ:- ਜਿਵੇਂ ਪੈਕੇਜਡ ਫੂਡ, ਹੋਮ ਕੇਅਰ, ਪਰਸਨਲ ਕੇਅਰ, ਫੈਸਨ, ਗ੍ਰੋਸਰੀ ਅਤੇ ਜਨਰਲ ਮਰਚੈਂਡਾਈਜ।

ਫਲਿੱਪਕਾਰਟ ਹੋਲਸੇਲ ਦੇ ਸੀਨੀਅਰ ਵਾਈਸ ਪ੍ਰੈਜੀਡੈਂਟ ਅਤੇ ਹੈਡ ਆਦਰਸ ਮੈਨਨ ਨੇ ਕਿਹਾ, 'ਦਿ ਬਿੱਗ ਬਿਲੀਅਨ ਡੇਜ ਦੇ ਨਾਲ ਹੀ ਰਿਟੇਲ ਈਕੋਸਿਸਟਮ ਦੇ ਲਈ ਤਿਉਹਾਰੀ ਮੌਸਮ ਦਾ ਆਗਾਜ ਹੋ ਜਾਂਦਾ ਹੈ . ਸਾਨੂੰ ਖੁਸੀ ਹੈ ਕਿ ਅਸੀਂ ਈਕਾਮਰਸ ਦੀਆਂ ਸੰਭਾਵਨਾਵਾਂ ਨੂੰ ਆਪਣੇ ਮੈਂਬਰਾਂ ਦੇ ਲਈ ਪੇਸ ਕੀਤਾ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਕਾਮਯਾਬ ਕੀਤਾ ਹੈ . ਸਾਡੇ ਡਿਜੀਟਲ ਸਾਲਿਊਸੰਜ ਦਾ ਇਰਾਦਾ ਭਾਰਤ ਦੇ ਬੀ2ਬੀ ਈਕੋਸਿਸਟਮ ਨੂੰ ਮਜਬੂਤੀ ਦੇਣਾ ਅਤੇ ਦੇਸ ਦੀ ਸਪਲਾਈ ਚੇਨ ਨੂੰ ਜਿਆਦਾ ਲਚੀਲੀ ਅਤੇ ਸਵਾਲੰਬੀ ਬਣਾਉਣਾ ਹੈ . ਸਾਡੀਆਂ ਸਾਰੀਆਂ ਕੋਸਿ?ਸਾਂ ਇਸ ਪਾਸੇ ਹਨ ਕਿ ਛੋਟੇ ਵਪਾਰਾਂ ਦੀ ਮਦਦ ਹੋ ਸਕੇ, ਜਿਨ੍ਹਾਂ ਨੇ ਖਰੀਦਦਾਰੀ ਕਰਨ ਦੇ ਲਈ ਖੁਦ ਨੂੰ ਅੱਗੇ ਵਧ ਕੇ ਈਕਾਮਰਸ ਨੂੰ ਅਪਣਾਇਆ ਹੈ . ਇਸ ਤਿਉਹਾਰੀ ਮੌਸਮ ਵਿਚ ਅਸੀਂ ਦੇਖ ਰਹੇ ਹਾਂ ਕਿ ਜਦੋਂ ਸਾਰਾ ਭਾਰਤ ਡਿਜੀਟਲੀਕਰਣ ਦੇ ਵੱਲ ਵਧ ਰਿਹਾ ਹੈ ਤਾਂ ਛੋਟੇ ਕਾਰੋਬਾਰ ਵੀ ਡਿਜੀਟਲ ਪਲੇਟਫਾਰਮ ਨੂੰ ਵੱਡੀ ਗਿਣਤੀ ਵਿਚ ਅਪਨਾ ਰਹੇ ਹਨ।

ਦਿ ਬਿੱਗ ਬਿਲੀਅਨ ਡੇਜ ਤਿਉਹਾਰੀ ਆਯੋਜਨ ਖੇਤਰ ਅਤੇ ਸਥਾਨਕ ਬ੍ਰਾਂਡਾਂ ਦੇ ਲਈ ਉਤਸਾਹਪੂਰਣ ਮੌਕਾ ਲੈ ਕੇ ਆਉਂਦਾ ਹੈ ਤਾਂ ਕਿ ਉਹ ਵੀ ਈਕਾਮਰਸ ਨੂੰ ਅਪਣਾਉਣ ਅਤੇ ਆਪਣੇ ਗ੍ਰਾਹਕ ਅਧਾਰ ਦਾ ਵਿਸਥਾਰ ਕਰਨ . ਕਰਿਆਨਾ ਦੇ ਲਈ ਇਹ ਬਹੁਤ ਵਧੀਆ ਮੌਕਾ ਹੈ ਕਿ ਉਹ ਬਿਹਤਰੀਨ ਮਾਰਜਿਨ ਦਾ ਆਨੰਦ ਮਾਣ ਸਕਣ ਅਤੇ ਉਸਦਾ ਲਾਭ ਆਖਰੀ ਉਪਭੋਗਤਾਵਾਂ ਤੱਕ ਪਹੁੰਚਾ ਸਕੀਏ . ਮੈਂਬਰ ਭਾਰਤ ਦੇ 10,000 ਨਾਲੋਂ ਜਿਆਦਾ ਪਿਨਕੋਡਾਂ ਤੇ ਡੋਰਸਟੈਪ ਡਿਲੀਵਰੀ ਪ੍ਰਾਪਤ ਕਰ ਸਕਦੇ ਹਨ।

ਭਾਰਤ ਵਿਚ ਜਿਆਦਾਤਰ ਕਰਿਆਨਾ ਵਪਾਰਾਂ ਨੂੰ ਔਪਚਾਰਿਕ ਕਰਜ ਅਸਾਨ ਨਹੀਂ ਹੈ ਅਤੇ ਉਹ ਕਰਜ ਦੇ ਲਈ ਡਿਸਟ੍ਰੀਬਿਊਟਰਾਂ ਤੇ ਨਿਰਭਰ ਰਹਿੰਦੇ ਹਨ . ਤਕਨੀਕ-ਸਮਰੱਥ ਕਰਜਦਾਤਾਵਾਂ ਦੇ ਸਹਿਯੋਗ ਨਾਲ ਈਜੀ ਕਰੈਡਿਟ ਦੇ ਨਾਮ ਨਾਲ ਫਲਿੱਪਕਾਰਟ ਹੋਲਸੇਲ ਆਪਣੇ ਗ੍ਰਾਹਕਾਂ ਨੂੰ ਤੁਰੰਤ ਸਾਰਟ ਟਰਮ ਕਾਲੇਟਰਲ-ਫ੍ਰੀ ਕਰਜ ਸੁਵਿਧਾ ਉਪਲਬਧ ਕਰਵਾ ਰਹੀ ਹੈ, ਤਾਂ ਕਿ ਉਨ੍ਹਾਂ ਦਾ ਕਾਰੋਬਾਰ ਵਧਾਉਣ ਵਿਚ ਮਦਦ ਕੀਤੀ ਜਾ ਸਕੇ . ਫਲਿੱਪਕਾਰਟ ਹੋਲਸੇਲ ਆਪਣੇ ਮੈਂਬਰਾਂ ਨੂੰ 14 ਦਿਨਾਂ ਦਾ ਵਿਆਜ-ਮੁਕਤ ਕਰਜ ਪ੍ਰਦਾਨ ਕਰਦਾ ਹੈ . ਇਹ ਕਰਜ ਪੂਰੀ ਤਰ੍ਹਾਂ ਡਿਜੀਟਲ ਪ੍ਰਕ੍ਰਿਆ ਨਾਲ ਦਿੱਤਾ ਜਾਂਦਾ ਹੈ, ਇਸ ਵਿਚ ਹੁਣੇ ਖਰੀਦੋ ਬਾਅਦ ਵਿਚ ਅਦਾ ਕਰੋ ਦਾ ਵਿਕਲਪ ਹੈ . ਕਰਜ ਰਾਸੀ ਦੀ ਸੀਮਾ 10,000 ਰੁਪਏ ਤੋਂ ਲੈ ਕੇ 25 ਲੱਖ ਰੁਪਏ ਤੱਕ ਹੈ . ਇਹ ਕਰਜ ਬੈਂਕਾਂ ਅਤੇ ਫਿਨਟੈਕ ਕੰਪਨੀਆਂ ਦੇ ਵੱਲੋਂ ਦਿੱਤਾ ਜਾਂਦਾ ਹੈ।

ਫਲਿੱਪਕਾਰਟ ਹੋਲਸੇਲ ਨੇ ਹਾਲ ਹੀ ਵਿਚ ਜਨਰਲ ਮਰਚੈਂਡਾਈਜ (ਆਮ ਵਸਤੂਆਂ) ਆਪਣੇ ਪਲੇਟਫਾਰਮ ਤੇ ਉਪਲਬਧ ਕਰਵਾਉਣੀਆਂ ਸੁਰੂ ਕੀਤੀਆਂ ਹਨ, ਇਸ ਤੋਂ ਪਹਿਲਾਂ ਫੈਸਨ ਆਈਟਮ ਤਾਂ ਸੀ ਹੀ . ਇਹ ਸਭ ਆਮ 1100 ਨਾਲੋਂ ਜਿਆਦਾ ਨਵੇਂ ਸਹਿਰਾਂ ਅਤੇ 7000 ਨਾਲੋਂ ਜਿਆਦਾ ਪਿਨਕੋਡ ਤੱਕ ਪਹੁੰਚਾਏ ਜਾ ਰਹੇ ਹਨ . ਇਸ ਸ੍ਰੇਣੀ ਵਿਚ 24,000 ਨਾਲੋਂ ਜਿਆਦਾ ਉਤਪਾਦ ਉਪਲਬਧ ਕਰਵਾਏ ਜਾ ਰਹੇ ਹਨ ਅਤੇ 24 ਰਾਜਾਂ ਅਤੇ ਕੇਂਦਰ ਸਾਸਿਤ ਪ੍ਰਦੇਸਾਂ ਵਿਚ 1350 ਨਾਲੋਂ ਜਿਆਦਾ ਸਹਿਰਾਂ ਅਤੇ 8,000 ਪਿਨਕੋਡ ਤੇ ਕਰਿਆਨਾ ਅਤੇ ਰਿਟੇਲਰਾਂ ਨੂੰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ . ਇਹ ਉਤਪਾਦ ਅਹਿਮਦਾਬਾਦ, ਦਿੱਲੀ, ਜੈਪੁਰ, ਜਲੰਧਰ, ਲੁਧਿਆਣਾ, ਮੇਰਠ, ਪਾਣੀਪਤ, ਰਾਜਕੋਟ, ਸੂਰਤ ਅਤੇ ਤਿਰੁਪੁਰ ਦੇ ਬਿਹਤਰ ਵਿਨਿਰਮਾਤਾਵਾਂ ਕੋਲੋਂ ਖਰੀਦੇ ਜਾ ਰਹੇ ਹਨ।

# ਸਾਇਰ ਜਸਵਿੰਦਰ ਧਰਮਕੋਟ ਦੀ ਪੁਸਤਕ ਪਿਘਲਤਾ ਸੂਰਜ ਲੋਕ ਅਰਪਣ

**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਤਕਨੀਕ ਦੇ ਅਜੋਕੇ ਦੌਰ ਵਿੱਚ ਬੱਚਿਆਂ ਨੂੰ ਸਾਹਿਤ ਨਾਲ ਜੋੜੀ ਰੱਖਣ ਅਤੇ ਉਹਨਾਂ ਵਿਚ ਸਾਹਿਤ ਪ੍ਰਤੀ ਰੁਚੀ ਪੈਦਾ ਕਰਨ ਲਈ ਉਡਾਨ ਪਬਲੀਕੇਸਨ ਮਾਨਸਾ ਵੱਲੋਂ ਪ੍ਰਕਾਸਿ[illegible] ਕੀਤੀ ਗਈ ਸਾਇਰ ਜਸਵਿੰਦਰ ਧਰਮ[illegible] ਪਹਿਲੀ ਹਿੰਦੀ ਕਾਵਿ ਬਾਲ ਪੁਸਤਕ "ਪਿਘਲਤਾ ਸੂਰਜ" ਵੱਖ-ਵੱਖ ਸਾਹਿਤ ਸਮਾਗਮਾਂ ਦੌਰਾਨ ਲੋਕ ਅਰਪਣ ਕੀਤੀ ਗਈ । ਇਸ ਮੌਕੇ ਇਤਿਹਾਸਕ ਖੋਜ ਕਰਤਾ ਅਤੇ ਲੇਖਕ ਪ੍ਰੋਫੈਸਰ ਸੁਰਜੀਤ ਚੰਦਰ ਸਰਮਾ ਵੱਲੋਂ ਜਸਵਿੰਦਰ ਧਰਮਕੋਟ ਨੂੰ ਵਧਾਈ ਦਿੱਤੀ ਗਈ । ਪ੍ਰਸਿੱਧ ਕਹਾਣੀਕਾਰ ਗੁਰਮੀਤ ਕੜਿਆਲਵੀ ਵੱਲੋਂ ਜਸਵਿੰਦਰ ਧਰਮਕੋਟ ਵੱਲੋਂ ਭਵਿੱਖ ਵਿੱਚ ਹੋਰ ਵੀ ਲਿਖਣ ਦੀ ਕਾਮਨਾ ਕੀਤੀ ਗਈ । ਬਾਲ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਸਾਇਰ ਅਤੇ ਸੰਪਾਦਕ ਸਤਪਾਲ ਭੀਖੀ ਵੱਲੋਂ ਇਸ ਪੁਸਤਕ ਨੂੰ ਬਾਲ ਸਾਹਿਤ ਵਿੱਚ ਜੀ ਆਇਆਂ ਕਿਹਾ ਗਿਆ । ਕਹਾਣੀਕਾਰ ਜਸਵੀਰ ਕਲਸੀ ਵੱਲੋਂ ਇਸਨੂੰ ਹਿੰਦੀ ਸਾਹਿਤ ਵਿਚ ਬੱਚਿਆਂ ਲਈ ਸਲਾਘਾਯੋਗ ਯਤਨ ਕਰਾਰ ਦਿੱਤਾ ਗਿਆ ।



ਇਸ ਮੌਕੇ ਪ੍ਰਸਿੱਧ ਕਵਿੱਤਰੀ ਨਰਿੰਦਰ ਪਾਲ ਕੌਰ , ਉਪ ਸੰਪਾਦਕ ਤਾਸਮਨ ਸੁਮੀਤ ਸੰਮੀ , ਸਾਇਰ ਚਰਨਜੀਤ ਸਮਾਲਸਰ ਅਤੇ ਕਵੀ ਗੁਰਮੀਤ ਰੱਖਰਾ ਕੜਿਆਲ ਵੱਲੋਂ ਵੀ ਇਸ ਪੁਸਤਕ ਨੂੰ ਜੀ ਆਇਆਂ ਆਖਿਆ ਗਿਆ । ਅੰਤ ਵਿਚ ਸਾਇਰ ਜਸਵਿੰਦਰ ਧਰਮਕੋਟ ਵੱਲੋਂ ਪੁਸਤਕ ਪਿਘਲਤਾ ਸੂਰਜ ਨੂੰ ਲੋਕ ਅਰਪਣ ਕਰਨ ਲਈ ਸਭ ਦਾ ਧੰਨਵਾਦ ਕੀਤਾ ਗਿਆ।

# ਸਾਂਤੀ ਦੇਵੀ ਆਰੀਆ ਮਹਿਲਾ ਕਾਲਜ ਵਿੱਚ ਐਮ ਏ ਹਿੰਦੀ ਸਮੈਸਟਰ 2 ਦਾ ਨਤੀਜਾ ਰਿਹਾ ਸਾਨਦਾਰ

## ਮਨਪ੍ਰੀਤ ਨੇ 94.75% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਲਏ ਗਏ ਸਮੈਸਟਰ ਪਰੀਖਿਆ ਵਿੱਚ ਐਮਏ ਹਿੰਦੀ ਸਮੈਸਟਰ 2 ਦਾ ਨਤੀਜਾ ਸਾਨਦਾਰ ਰਿਹਾ। ਕਾਲਜ ਦੀ ਪ੍ਰਿੰਸੀਪਲ ਡਾ: ਗੀਨਾ ਤਲਵਾੜ ਨੇ ਦੱਸਿਆ ਕਿ ਵਿਦਿਆਰਥਣ ਮਨਪ੍ਰੀਤ ਨੇ 94.75% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਰੂਬੀ ਨੇ 92.75% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚ ਦੂਜਾ ਸਥਾਨ, ਅਨੁਰਾਧਾ ਨੇ 89.5% ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ , ਲਲਿਤਾ ਨੇ 89.25%, ਕਾਲਜ ਵਿੱਚ ਚੌਥਾ ਸਥਾਨ , ਮੀਨੂੰ ਨੇ 89% ਅੰਕ ਪ੍ਰਾਪਤ ਕਰਕੇ ਕਾਲਜ ਵਿੱਚ 5 ਵਾਂ ਸਥਾਨ ਪ੍ਰਾਪਤ ਕੀਤਾ, ਗਗਨਦੀਪ ਨੇ 87.75% ਅੰਕਾਂ ਨਾਲ ਕਾਲਜ ਵਿੱਚ 6 ਵਾਂ ਸਥਾਨ ਪ੍ਰਾਪਤ ਕੀਤਾ। ਬਾਕੀ ਲੜਕੀਆਂ ਨੇ ਵੀ ਪਹਿਲੀ ਜਮਾਤ ਵਿੱਚ ਪ੍ਰੀਖਿਆ ਪਾਸ ਕੀਤੀ, ਪ੍ਰਿੰਸੀਪਲ ਨੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਵਿਭਾਗ ਦੇ ਅਧਿਆਪਕਾਂ ਡਾ: ਪੂਨਮ ਮਹਾਜਨ, ਡਾ: ਡਿੰਪਲ ਸਰਮਾ, ਇੰਦੂ ਬਾਲਾ, ਜੋਤੀ ਕਾਂਸਰਾ ਅਤੇ ਪ੍ਰਿਆ ਠਾਕੁਰ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਉੱਜਲ ਭਵਿੱਖ ਲਈ ਸੁਭਕਾਮਨਾਵਾਂ ਦਿੱਤੀਆਂ।



*ਸ਼ਾਤੀ ਦੇਵੀ ਆਰੀਆ ਮਹਿਲਾ ਕਾਲਜ ਦੀਆਂ ਪੁਜੀਸ਼ਨਾਂ ਹਾਸਿਲ ਕਰਨ ਵਾਲੀਆਂ ਵਿਦਿਆਰਥਣਾਂ।*

# ਉੱਤਰ ਪ੍ਰਦੇਸ 'ਚ ਕਿਸਾਨਾਂ ਤੇ ਗੱਡੀਆਂ ਚੜ੍ਹਾ ਕੇ ਸਹੀਦ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਦੀ ਮੰਗ : ਸਤਨਾਮ ਸਿੰਘ

**ਚੋਹਲਾ ਸਾਹਿਬ/ਮਨਜੀਤ ਸੰਧੂ, ਭਗਤ ਸਿੰਘ ਸੰਧੂ**



ਕੇਂਦਰ ਸਰਕਾਰ ਵੱਲੋਂ ਪਹਿਲਾਂ ਹੀ ਕਾਲੇ ਕਾਨੂੰਨ ਬਣਾਕੇ ਦੇਸ ਦੇ ਕਿਸਾਨਾਂ ਅਤੇ ਮਜਦੂਰਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ ਉੱਪਰੋਂ ਉੱਤਰ ਪ੍ਰਦੇਸ ਵਿੱਚ ਕਿਸਾਨਾਂ ਤੇ ਗੱਡੀਆਂ ਚੜ੍ਹਾਕੇ ਉਹਨਾਂ ਨੂੰ ਸਹੀਦ ਕਰਨ ਦੀ ਮੰਦਭਾਗੀ ਘਟਨਾ ਵਾਪਰਨ ਨਾਲ ਦੇਸਾਂ ਵਿਦੇਸਾਂ ਵਿੱਚ ਵੱਸਦੇ ਪੰਜਾਬੀਆਂ ਦੇ ਹਿਰਦੇ ਵਲੂੰਧਰੇ ਗਏ ਹਨ ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀਦਲ ਸੰਯੁਕਤ ਦੇ ਸੂਬਾ ਸਕੱਤਰ ਸਤਨਾਮ ਸਿੰਘ ਚੋਹਲਾ ਸਾਹਿਬ ਨੇ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਕੀਤਾ ਉਹਨਾਂ ਕਿਹਾ ਕਿ ਬੀਤੇ ਦਿਨ ਉੱਤਰ ਪ੍ਰਦੇਸ ਦੇ ਲਖੀਮਪੁਰ ਖੀਰੀ ਵਿੱਚ ਕੇਂਦਰੀ ਮੰਤਰੀ ਦੇ ਦੋਰੇ ਦਾ ਸੜਕਾਂ ਤੇ ਵਿਰੋਧ ਕਰ ਰਹੇ ਕਿਸਾਨਾਂ ਤੇ ਕਥਿਤ ਤੌਰ ਤੇ ਗੱਡੀਆਂ ਚੜ੍ਹਾਕੇ ਚਾਰ ਕਿਸਾਨਾਂ ਨੂੰ ਸਹੀਦ ਕਰਨਾ ਨਿੰਦਣਯੋਗ ਹੈ ਉਹਨਾਂ ਯੂ.ਪੀ .ਸਰਕਾਰ ਪਾਸੋਂ ਮੰਗ ਕੀਤੀ ਕਿ ਦੋਸੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਉਹਨਾਂ ਨੂੰ ਸਖਤ ਕਾਨੂੰਨ ਸਜਾ ਦਵਾਈ ਜਾਵੇ ਉਹਨਾਂ ਕਿਹਾ ਕਿ ਦੇਸ ਵਾਸੀਆਂ ਨੂੰ ਦੁਬਾਰਾ ਦੇਸ ਨੂੰ ਅਜਾਦ ਕਰਨ ਲਈ ਵੱਡੇ ਪੱਧਰ ਤੇ ਸੰਘਰਸ ਕਰਨਾ ਪਵੇਗਾ ਫਿਰ ਜਾਕੇ ਅਸੀਂ ਇਹਨਾਂ ਤੋਂ ਅਸੀਂ ਆਜਾਦ ਹੋ ਸਕਦੇ ਹਾਂ ਉਹਨਾਂ ਕਿਹਾ ਕਿ ਕੇਂਦਰ ਸਰਕਾਰ ਕਾਲੇ ਕਾਨੂੰਨ ਰੱਦ ਕਰਨ ਦੀ ਬਿਜਾਏ ਸਘੰਰਸ ਕਰ ਰਹੇ ਯੋਧਿਆਂ ਤੇ ਗੱਡੀਆਂ ਚੜਾਕੇ ਜਬਰ ਜੁਲਮ ਕਰ ਰਹੀ ਹੈ ਉਹਨਾਂ ਕੇਂਦਰ ਸਰਕਾਰ ਨੂੰ ਸਖਤ ਸਬਦਾਂ ਵਿੱਚ ਚੇਤਾਵਨੀ ਦਿੱਤੀ ਕਿ ਉਹ ਜਲਦ ਤੋਂ ਕਾਲੇ ਕਾਨੂੰਨ ਰੱਦ ਕਰੇ ਅਤੇ ਕਿਸਾਨਾਂ ਤੇ ਗੱਡੀਆਂ ਚੜ੍ਹਾਉਣ ਵਾਲਿਆਂ ਖਿਲਾਫ ਸਖਤ ਕਾਰਵਾਰੀ ਕਰੇ ਨਹੀਂ ਤਾਂ ਸੰਘਰਸ ਹੋਰ ਤੇਜ ਕੀਤਾ ਜਾਵੇਗਾ।

# ਵਿਸ਼ਵ ਨਿਵਾਸ ਦਿਵਸ ਮੌਕੇ ਇੱਕ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਗਈ






**ਲੁਧਿਆਣਾ/ਕਰਨ ਅਗਰਵਾਲ**

ਵਿਸ਼ਵ ਨਿਵਾਸ ਦਿਵਸ ਅਤੇ ਇਸ ਸਾਲ ਦੇ ਸੰਯੁਕਤ ਰਾਸ਼ਟਰ ਦੇ ਥੀਮ 'ਕਾਰਬਨ ਫਰੀ ਵਰਲਡ ਲਈ ਐਕਸੀਲਰੇਟਡ ਅਰਬਨ ਐਕਸ਼ਨ' ਦੀ ਯਾਦ ਵਿੱਚ, ਵਾਜਰਾ ਏਅਰ ਡਿਫੈਂਸ ਬ੍ਰਿਗੇਡ ਦੀ ਅਗਵਾਈ ਹੇਠ ਆਰਮੀ ਲੁਧਿਆਣਾ ਗੈਰੀਸਨ ਦੁਆਰਾ ਸਾਫ਼ ਅਤੇ ਟਿਕਾਊ ਵਾਤਾਵਰਣ ਲਈ ਇੱਕ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਗਈ।

ਇਸ ਮੁਹਿੰਮ ਵਿੱਚ ਸਫਾਈ ਕਰਮਚਾਰੀਆਂ ਨੂੰ ਸਨਮਾਨਤ ਵੀ ਕੀਤਾ ਗਿਆ, ਜੋ ਇੱਕ ਸਾਫ਼ ਅਤੇ ਸਿਹਤਮੰਦ ਨਿਵਾਸ ਨੂੰ ਬਣਾਈ ਰੱਖਣ ਲਈ ਅਣਥੱਕ ਮਿਹਨਤ ਕਰ ਰਹੇ ਹਨ। ਇਹ ਮੁਹਿੰਮ ਨਿਸ਼ਚਤ ਰੂਪ ਤੋਂ ਲੋਕਾਂ ਨੂੰ ਕਾਰਜਸ਼ੀਲ ਜ਼ੀਰੋ-ਕਾਰਬਨ ਯੋਜਨਾਵਾਂ ਵਿਕਸਤ ਕਰਨ ਲਈ ਉਤਸ਼ਾਹਤ ਕਰਨ ਵਿੱਚ ਬਹੁਤ ਅੱਗੇ ਵਧੇਗੀ।

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ। ਚਾਹਵਾਨ ਸੰਪਰਕ ਕਰਨ :
ਪਤਾ : ਲੋਕ ਬਾਣੀ, ਸੰਗਮ ਕੰਪਲੈਕਸ, ਮਿਲਾਪ ਚੌਕ, ਜਲੰਧਰ
Contact : 0181-2211009, 99155-94111